# ਅੰਮ੍ਰਿਤ ਕੀਰਤਨ

ਅੰਕ 6 ਸਾਲ ਛੇਵਾਂ ਜੂਨ, 1994

## ਰਾਗ ਨਾਦ ਸਬਦਿ ਸੋਹਣੇ



ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ, 422 ਸੈਕਟਰ 15-ਏ, ਚੰਡੀਗੜ੍ਹ ਫੋਨ : 24660

# ਅੰਮ੍ਰਿਤ ਕੀਰਤਨ

**ਅੰਕ 6** **ਸਾਲ ਛੇਵਾਂ** **ਜੂਨ, 1994**

**ਸੰਪਾਦਕ (ਆਨਰੇਰੀ)**
ਡਾ. ਜਾਗੀਰ ਸਿੰਘ
**ਸਹਿਯੋਗੀ**
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਸ੍ਰ. ਹਰਿਭਜਨ ਸਿੰਘ ਚੋਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ
**ਚਿੱਤਰਕਾਰ**
ਗੁਰਦੀਪ ਸਿੰਘ ਦੀਪ

**ਚਿੱਠੀ ਪੱਤਰ ਲਈ ਪਤਾ :**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ,
ਚੰਡੀਗੜ੍ਹ-160 015
ਫੋਨ : 24660

**ਚੰਦੇ ਦਾ ਵੇਰਵਾ**
ਇਕ ਕਾਪੀ 5 ਰਪਏ
ਦੇਸ਼ ਸਲਾਨਾ 50 ਰੁਪਏ
ਜੀਵਨ ਮੈਂਬਰ 500 ਰੁਪਏ
ਵਿਦੇਸ਼ ਸਲਾਨਾ 500 ਰੂਪਏ
ਜੀਵਨ ਮੈਂਬਰ 5000 ਰੁਪਏ

1] ਤੁਹਾਡੇ ਪੱਤਰ 1
2] ਰਾਗ ਜੈ ਜੈਵੰਤੀ 2
3] (ਇਕਤਾਲ) ਸਥਾਈ 3
4] ਸਿਮਰਤੀਆਂ 5
—ਪਿਆਰਾ ਸਿੰਘ ਦਾਤਾ
5] ਗਿਆਨੀ ਇੰਦਰ ਸਿੰਘ 'ਖਿਬੇਕੀ' 7
—ਤੀਰਥ ਸਿੰਘ
6] ਇਕੋ ਨਾਮੁ ਅਧਾਰੁ 10
(ਲੰਮੀ ਉਮਰ ਦਾ ਅਨੁਭਵ)
—ਤ੍ਰਿਲੋਚਨ ਸਿੰਘ ਤਰਸੀ
7] ਸਾਡੇ ਕੀਰਤਨੀਏ 12
—ਪ੍ਰੋ: ਬਲਬੀਰ ਸਿੰਘ ਨੀਲਮ
8] ਬਲਦੀਦ ਸਿੰਘ ਜੀ 15

**ਨੋਟ :** ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਅੰਮ੍ਰਿਤ ਕੀਰਤਨ' ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

# ਤੁਹਾਡੇ ਪੱਤਰ

'ਅੰਮ੍ਰਿਤ ਕੀਰਤਨ' ਬਹੁਤ ਵਧੀਆ ਪਰਚਾ ਹੈ। ਚੰਦਾ ਭੇਜ ਰਿਹਾ ਹਾਂ! ਜਾਰੀ ਰੱਖਣ ਦੀ ਕਿਰਪਾ ਕਰਨੀ ਜੀ।

—ਜਗਸੀਰ ਸਿੰਘ ਭਦੌੜ

'ਅੰਮ੍ਰਿਤ ਕੀਰਤਨ' ਦੇ ਸੁਨਹਿਰੇ ਭਵਿਖ ਲਈ ਸ਼ੁਭ ਇਛਾਵਾਂ ਕਬੂਲ ਕਰਨਗੀਆਂ।

—ਜੈ ਤੇਗ ਸਿੰਘ 'ਅਨੰਤ' 1004/40-ਬੀ, ਚੰਡੀਗੜ੍ਹ

ਪਿਛਲੇ ਛੇ ਸਾਲਾਂ ਤੋਂ ਅੰਮ੍ਰਿਤ ਕੀਰਤਨ ਪੜ੍ਹਨ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ ਅਤੇ ਹਰ ਮਹੀਨੇ ਇਸਦੀ ਬੇਸਬਰੀ ਨਾਲ ਉਡੀਕ ਕਰਦੇ ਹਾਂ! ਅਜੋਕੇ ਪਦਾਰਥਵਾਦੀ ਜੁਗ ਵਿਚ ਕੋਈ ਮੈਗਜ਼ੀਨ ਚਲਾਉਣਾ ਅਤਿ ਕਠਨ ਹੈ। ਆਪ ਜੀ ਅਣਥੱਕ ਮਿਹਨਤ ਸਦਕਾ ਇਸ ਦੀ ਕਾਮਯਾਬੀ ਲਈ ਵਧਾਈ ਦੇ ਪਾਤਰ ਹੋ। ਅੰਮ੍ਰਿਤ ਕੀਰਤਨ ਜਿਥੇ ਕੀਰਤਨ ਪ੍ਰੇਮੀਆਂ ਲਈ ਸਹੀ ਮਾਰਗ ਦਰਸ਼ਕ ਹੈ ਉਥੇ ਇਹ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸਾਂਭਣ ਯੋਗ ਵੀ ਹੈ। ਸ਼ੁਭ ਇਛਾਵਾਂ ਸਹਿਤ

—ਧਰਮਜੀਤ ਸਿੰਘ ਚੰਡੀਗੜ੍ਹ ਸੰਗੀਤ ਸਭਾ, 414 ਫੇਜ਼-7, ਮੁਹਾਲੀ

'ਅੰਮ੍ਰਿਤ ਕੀਰਤਨ' ਰਾਹੀਂ ਮੈਨੂੰ ਗੁਰਬਾਣੀ ਅਤੇ ਕੀਰਤਨ ਬਾਰੇ ਬੜੀ ਵਾਕਫੀਅਤ ਪ੍ਰਾਪਤ ਹੋਈ ਹੈ। ਮੇਰਾ ਖਿਆਲ ਸੀ ਕਿ ਕੀਰਤਨ ਸਿਰਫ ਬਹੁਤ ਚੰਗੇ ਢੰਗ ਨਾਲ ਸਿਖਿਆ ਕੀਰਤਨ ਹੀ ਕਰ ਸਕਦਾ ਹੈ। ਪਰ ਹੁਣ ਮਹਿਸੂਸ ਹੋਣ ਲੱਗ ਪਿਆ ਹੈ ਕਿ ਜੇ ਕਰ ਸੱਤ ਸੁਰਾਂ ਦਾ ਥੋੜਾ ਅਭਿਆਸ ਹੋ ਜਾਵੇ ਤਾਂ ਕੀਰਤਨ ਕਰਕੇ ਆਤਮਾ ਤ੍ਰਿਪਤ ਕੀਤੀ ਜਾ ਸਕਦੀ ਹੈ।

—ਰਘਬੀਰ ਸਿੰਘ 29/27, ਓਲਡ ਰਜਿੰਦਰ ਨਗਰ ਨਵੀਂ ਦਿੱਲੀ

'ਅੰਮ੍ਰਿਤ ਕੀਰਤਨ' ਨੇ ਮੇਰੇ ਧਾਰਮਿਕ ਕਾਰਜ ਵਿਚ ਕਾਫੀ ਸੁਧਾਰ ਕੀਤਾ। ਮੈਨੂੰ ਕੀਰਤਨ ਅਤੇ ਵਿਆਖਿਆ ਵਿਚੋਂ ਆਨੰਦ ਆਉਣ ਲਗ ਪਿਆ ਹੈ। ਅਗਲੇ ਅੰਕਾਂ ਵਿੱਚ ਆਨੰਦ ਕਾਰਜ ਵਿਚ ਪੜ੍ਹੇ ਜਾਣ ਵਾਲੇ ਸ਼ਬਦਾਂ ਦੀਆਂ ਨੋਟੇਸ਼ਨਾਂ ਦੇਣ ਦੀ ਕ੍ਰਿਪਾ ਕਰਨੀ।

—ਗਿ: ਮਨਜੀਤ ਸਿੰਘ ਕੋਸੀਪੁਰ ਗੁਰਦੁਆਰਾ ਕਲਕਤਾ

# ਰਾਗ-ਜੈਜੈਵੰਤੀ

ਖਮਾਜ਼ ਥਾਟ ਦਾ ਰਾਗ ਹੈ। ਇਸ ਵਿਚ ਦੋਨੋਂ 'ਗ' ਅਤੇ ਦੋਨੋਂ 'ਨੀ' ਲਗਦੇ ਹਨ। ਕੋਮਲ 'ਗ' ਸਿਰਫ 'ਰੇ ਗੁ ਰੇ' ਕਰਦੇ ਸਮੇਂ ਲਗਾਇਆ ਜਾਂਦਾ ਹੈ। ਕੋਮਲ 'ਨੀ' 'ਧ਼- ਨ਼ਿ ਰੇ ਸ' ਕਰਦੇ ਸਮੇਂ ਆਰੋਹ ਵਿਚ ਵੀ ਲਗ ਜਾਂਦਾ ਹੈ। 'ਰੇ ਗੁ ਰੇ ਸ' ਧ਼ ਨ਼ੀ ਰੇ ਸ ਰਾਗ ਦਾ ਮੁਖ ਅੰਗ ਹੈ। ਕੋਈ ਕੋਈ ਇਸ ਨੂੰ ਉਤਰਾਂਗ ਵਿਚ ਬਾਗੇਸ਼ਵਰੀ ਅੰਗ ਤੇ ਗਾਉਂਦੇ ਹਨ ਪਰ ਮੇਰੇ ਵਿਚਾਰ ਵਿਚ ਸੋਰਠ ਅੰਗ ਦੀ ਜੈਜੈਵੰਤੀ ਜਿਆਦਾ ਕਰਨ ਪ੍ਰਿਯ ਲਗਦਾ ਹੈ। ਅਤੇ ਇਸ ਦਾ ਪ੍ਰਚਾਰ ਵੀ ਜ਼ਿਆਦਾ ਹੈ। ਵਾਦੀ 'ਰੇ' ਸੰਵਾਦੀ 'ਪ' ਇਹ ਰਾਤ ਦੇ ਦੂਸਰੇ ਪਹਿਰ ਗਾਇਆ ਜਾਂਦਾ।

ਨਿਆਸ ਦੇ ਸੁਰ ਸ, ਰੇ ਅਤੇ ਪ

ਆਰੋਹ - ਸ ਰੇ ਗ ਮ ਪ ਨੀ ਸ

ਅਵਰੋਹ—ਸ ਨ਼ੀ ਧ ਪ, ਮ ਗ ਰੇ ਗੁ ਰੇ ਸ ਧ਼ ਨ਼ੀ ਰੇ ਸ

ਪਕੜ—ਰੇ ਗੁ ਰੇ ਸ, ਨ਼ੀ ਸ ਧ਼ ਨ਼ਿ ਰੇ।

# (ਇਕਤਾਲ) ਸਥਾਈ

ਤਾਲ ਦੇ ਬੋਲ—

| | | | | | | | | | | | |
|---|---|---|---|---|---|---|---|---|---|---|---|
| ਧਿੰ | ਧਿੰ | ਧਾਗੇ | ਤਿਟਕਿਟ | ਧਿ | ਨਾ | ਤਿੰ | ਤਿੰ | ਧਾ | ਗੇ | ਤਿਟਕਿਟ | ਧਿਨਾ |
| 1 | 2 | 3 | 4 | 5 | 6 | 7 | 8 | 9 | 10 | 11 | 12 |
| X | | 0 | | 2 | | 0 | | 3 | | 4 | |
| ਰੇ | ਗੁ | ਰੇ | ਸ | ਧ਼ | ਨ਼ੀ | ਰੇ | — | ਰੇਗੁ | ਰੇ | ਸ | ਸ |
| ਰਾ | ऽ | ਮ | ਸਿ | ਮ | ਰ | ਰਾ | ऽ | ਮ ऽ | ਸਿ | ਮ | ਰ |
| ਰੇ | ਗ | — | ਮ | ਨ਼ੀ | ਧਪ | ਮ | — | ਗ | ਰੇਗੁ | ਰੇ | ਸ |
| ਇ | ਹ | ऽ | ਤੇ | ऽ | ਰੇऽ | ਕਾ | ऽ | ਜ | ਹੈऽ | ऽ | ऽ |

## ਅੰਤਰਾ

| | | | | | | | | | | | |
|---|---|---|---|---|---|---|---|---|---|---|---|
| X | | 0 | | 2 | | 0 | | 3 | | 4 | |
| ਮ | — | ਪ | ਨੀ | — | ਨੀ | ਸਂ | — | ਨੀ | ਸਂ | — | ਸਂ |
| ਮਾ | ऽ | ਇ | ਆ | ऽ | ਕੋ | ਸ | ऽ | ਗ | ਤਿਆ | ऽ | ਗ |
| ਧ | ਨ਼ੀ | — | ਰੇਂ | — | ਸਂ | ਧ | ਨ਼ੀ | ਧ | ਪ | — | ਪ |
| ਪ੍ਰ | ਭ | ऽ | ਜੂ | ऽ | ਕੀ | ਸ | ਰ | ਨ | ਲਾ | ऽ | ਗ |
| ਪ | ਰੇਂ | ਸਂ | ਰੇਂ | — | ਰੇਂऽ | ਧ | ਨ਼ੀ | ਧ | ਧ | — | ਪ |
| ਜ | ਗ | ਤ | ਸੁ | ऽ | ਖ | ਮਾ | ऽ | ਨ | ਮਿ | ऽ | ਥਿਆ |
| ਰੇ | ਗ | — | ਮ | ਨ਼ੀ | ਧਪ | ਮ | — | ਗ | ਰੇਗੁ | ਰੇ | ਸਾ |
| ਝੂ | ऽ | ਠੋ | ऽ | ਸ | ਭऽ | ਸਾ | ऽ | ਜ | ਹੈऽ | ऽ | ऽ |

ਨੋਟ :— ਬਾਕੀ ਸਾਰੇ ਅੰਤਰੇ ਇਸ ਲਿਪੀ ਤੇ ਹਨ।

ਰਾਗੁ ਜੈਜਾਵੰਤੀ ਮਹਲਾ ੯ ਰਾਮ
ਸਿਮਰ ਰਾਮ ਸਿਮਰ ਇਹੈ ਤੇਰੈ ਕਾਜਿ ਹੈ ॥
ਮਾਇਆ ਕੋ ਸੰਗੁ ਤਿਆਗਿ ਪ੍ਰਭ ਜੂ ਕੀ ਸਰਨਿ ਲਾਗੁ ॥
ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ ॥੧॥ ਰਹਾਉ ॥
ਸੁਪਨੇ ਜਿਉ ਧਨੁ ਪਛਾਨੁ ॥
ਕਾਹੇ ਪਰ ਕਰਤ ਮਾਨੁ ॥
ਬਾਰੂ ਕੀ ਭੀਤ ਜੈਸੇ ਬਸੁਧਾ ਕੋ ਰਾਜੁ ਹੈ ॥ ੧ ॥
ਨਾਨਕ ਜਨ ਕਹਤ ਬਾਤ ਬਿਨਸਿ ਜੈਹੈ ਤੇਰੋ ਗਾਤ ॥
ਛਿਨੁ ਛਿਨੁ ਕਰਿ ਗਇਓ ਕਾਲੁ ਤੈਸੇ ਜਾਤੁ ਆਜੁ ਹੈ ॥ ੨ ॥

Rag Jaijawanti 9th Guru

Contemplate thou thy Lord, contemplate thou thy Lord.

This alone shall be of avail unto thee.

Abandon thou the association of worldly valuables aud repair to the Reverend Lord's refugc.

Admit thou that the pleasures of thc world are false and that thy entire paraphernalia is but an illusion. Pause.

Consider thy wealth as a dream.

On what doest thou take pride.

The empire of the earth is l:ke the wall of sand.

Slave Nanak utters the true thing. Thy body, O man, shall perish away.

Moment by moment passed away yesterday.

So shall pass away today as well .

ਰਾਗ ਜੈਜਾਵੰਤੀ ਨੌਵੀਂ ਪਾਤਿਸ਼ਾਹੀ

ਤੂੰ ਆਪਣੀ ਸਾਹਿਬ ਦਾ ਸਿਮਰਨ ਕਰ ਤੂੰ ਆਪਣੇ ਸਾਹਿਬ ਦਾ ਸਿਮਰਣ ਕਰ।

ਕੇਵਲ ਇਹ ਹੀ ਤੇਰੇ ਕੰਮ ਆਊਗਾ।

ਤੂੰ ਸੰਸਾਰੀ ਪਦਾਰਥ ਦੀ ਸੰਗਤ ਨੂੰ ਛੱਡ ਦੇ ਅਤੇ ਪੂਜਯ ਪ੍ਰਭੂ ਦੀ ਪਨਾਹ ਲੈ!

ਤੂੰ ਮੰਨ ਲੈ ਕਿ ਸੰਸਾਰ ਦੀਆਂ ਰੰਗ-ਰਲੀਆਂ ਕੂੜੀਆਂ ਹਨ ਅਤੇ ਸਮੂਹ ਅਡੰਬਰ ਨਿਰਾ ਪੂਰਾ ਦ੍ਰਿਸ਼ਅਕ ਧੋਖਾ ਹੀ ਹੈ। ਠਹਿਰਾਉ।

ਆਪਣੀ ਦੌਲਤ ਨੂੰ ਸੁਫਨੇ ਦੀ ਤਰ੍ਹਾਂ ਖ਼ਿਆਲ ਕਰ।

ਤੂੰ ਕਾਹਦੇ ਉਤੇ ਹੰਕਾਰ ਕਰਦਾ ਹੈਂ।

ਪ੍ਰਿਥਵੀ ਦੀ ਪਾਤਿਸਾਹੀ ਰੇਤੇ ਦੀ ਕੰਧ ਦੀ ਮਾਨੰਦ ਹੈ।

ਗੋਲਾ ਨਾਨਕ ਸੱਚੀ ਗੱਲਾਂ ਆਖਦਾ ਹੈ। ਤੇਰੀ ਦੇਹ, ਨਾਸ ਹੋ ਜਾਊਗੀ, ਹੇ ਬੰਦੇ!

ਮੁਹਤ ਮੁਹਤ ਕਰਕੇ ਕਲ੍ਹ ਬੀਤ ਗਿਆ ਹੈ।

ਏਸੇ ਤਰ੍ਹਾਂ ਹੀ ਬੀਤ ਜਾਊਗਾ ਅੱਜ ਭੀ।

# ਸਿਮਰਤੀਆਂ

ਪਿਆਰਾ ਸਿੰਘ ਦਾਤਾ
80/14 ਬੀ, ਮਾਲਵੀਆ ਨਗਰ ਨਵੀਂ ਦਿੱਲੀ

'ਅੰਮ੍ਰਿਤ ਕੀਰਤਨ' ਜਨਵਰੀ ਅੰਕ ਵਿਚ ਇਕ ਵਿਅਕਤੀ ਬਾਰੇ ਭਰਪੂਰ ਜਾਣਕਾਰੀ ਭਰਪੂਰ ਸੀ ਕਿ ਉਹ ਸਨ ਗਿਆਨੀ ਹਰਦਿਤ ਸਿੰਘ ਜੀ । ਇਹ ਪੜ੍ਹ ਕੇ ਬੜੀ ਖੁਸ਼ੀ ਹੋਈ ; ਗਿਆਨੀ ਹਰਦਿਤ ਸਿੰਘ ਜੀ ਦੀ ਸਾਰੀ ਉਮਰ ਗਰੀਬ ਵਿਦਿਆਰਥੀਆਂ ਨੂੰ ਸੰਗੀਤ ਪੜ੍ਹਾਉਣ ਸਿਖਾਉਣ, ਲਿਖਾਉਣ, ਰਾਗ ਵਿਚ ਨਿਪੁੰਨ ਕਰਨ ਤੇ ਸਿੱਖ ਪੰਥ ਦੀ ਸੇਵਾ ਕਰਨ ਵਿਚ ਗੁਜ਼ਰੀ ।

ਪਾਕਿਸਤਾਨ ਬਣਨ ਮਗਰੋਂ ਸੰਨ 1948 ਵਿਚ ਜਦੋਂ ਮੈਂ ਦਿੱਲੀ ਆਇਆ ਉਦੋਂ ਗਿਆਨੀ ਜੀ ਗੁਰਦੁਆਰਾ ਰਕਾਬ ਗੰਜ ਵਿਚ ਸੰਗੀਤ ਦੀਆਂ ਕਲਾਸਾਂ ਲਾਉਂਦੇ ਸਨ । ਗਿਆਨੀ ਜੀ ਬੜੇ ਉਦਮੀ, ਸਿਦਕੀ ਤੇ ਬੇ-ਗਰਜ ਵਿਅਕਤੀ ਸਨ । ਉਹਨਾਂ ਨੇ ਮਰ-ਜੀਵੜਿਆਂ ਵਾਂਗ ਸਾਰੀ ਉਮਰ ਨਿਸ਼ਕਾਮ ਸੇਵਾ ਕੀਤੀ । ਦਿੱਲੀ ਦੇ ਨਿਸ਼ਕਾਮ ਸੇਵਕ ਤੇ ਧਨੀ ਸਰਦਾਰ ਬਹਾਦਰ ਧਰਮ ਸਿੰਘ ਨੇ ਆਪਣੀ ਕਮਾਈ 'ਚੋਂ ਲੱਖਾਂ ਰੁਪਏ ਧਰਮ ਕਾਰਜਾਂ ਲਈ ਖਰਚ ਕੀਤੇ । ਇਹ ਪੱਕਾ ਫੰਡ ਕਾਇਮ ਕਰਕੇ ਗੁਰਦੁਆਰਾ ਰਕਾਬ ਗੰਜ ਵਿਖੇ ਗੁਰਮਤਿ ਵਿਦਿਆਲਾ ਕਾਇਮ ਕੀਤਾ । ਉਸ ਵਿਦਿਆਲੇ ਦਾ ਇੰਚਾਰਜ ਗਿਆਨੀ ਹਰਦਿਤ ਸਿੰਘ ਥਾਪਿਆ ਗਿਆ । ਗਿਆਨੀ ਜੀ ਨੇ ਬੜੀ ਸਿਦਕ ਦਿਲੀ ਨਾਲ ਲਗਭਗ ਚਾਲੀ ਸਾਲ ਇਸ ਵਿਦਿਆਲੇ ਵਿਚ ਵਿਦਿਆਰਥੀਆਂ ਨੂੰ ਸੰਗੀਤ ਦੀ ਸਿਖਿਆ ਦਿੱਤੀ । ਉਹਨਾਂ ਨੇ ਗਿਆਨੀ ਹਰਨਾਮ ਸਿੰਘ ਬਲਬ ਤੇ ਸਿੱਖ ਮਿਸ਼ਨਰੀ ਗਿਆਨੀ ਬਾਦਲ ਸਿੰਘ ਹਾਪੜ ਵਾਲਿਆਂ ਨਾਲ ਮਿਲ ਕੇ ਸਿੱਖੀ ਦਾ ਪ੍ਰਚਾਰ ਕੀਤਾ । ਗਿਆਨੀ ਹਰਨਾਮ ਸਿੰਘ ਬਲਬ ਕਈ ਸਾਲ ਪੀਨਾਂਗ (ਮਲਸ਼ੀਆ) ਦੇ ਗੁਰਦੁਆਰੇ ਵਿਚ ਗਰੰਥੀ ਦੇ ਤੌਰ ਤੇ ਸੇਵਾ ਕਰਦੇ ਰਹੇ । ਜਦੋਂ ਮੈਂ ਸੰਨ 1974 ਵਿਚ ਪੀਨਾਂਗ ਗਿਆ ਤਾਂ ਉਹ ਦੇਸ ਆਏ ਹੋਏ ਸਨ । ਉਹਨਾਂ ਦੀ ਗੈਰ-ਹਾਜ਼ਰੀ ਵਿਚ ਵੀ ਸਿੱਖ ਸੰਗਤਾਂ ਉਹਨਾਂ ਨੂੰ ਯਾਦ ਕਰਦੀਆਂ ਸਨ ਜਦੋਂ ਗਿਆਨੀ ਹਰਦਿੱਤ ਸਿੰਘ ਜੀ ਦੀ ਸਿਹਤ ਖਰਾਬ ਹੋ ਗਈ ਤਾਂ ਗਿਆਨੀ ਹਰਨਾਮ ਸਿੰਘ ਬਲਬ ਗੁਰਦੁਆਰਾ ਰਕਾਬ ਗੰਜ ਵਿਚ ਸੰਗੀਤ ਦੀਆਂ ਕਲਾਸਾਂ ਲਗਾਉਂਦੇ ਸਨ । ਉਹ ਵੀ ਗਿਆਨੀ ਹਰਦਿੱਤ ਸਿੰਘ ਵਾਂਗ ਬੜੇ ਗੁਰਮੁਖ ਜੀਵੜੇ ਸਨ । ਉਹ ਪਾਕਿਸਤਾਨ ਬਣਨ ਤੋਂ ਬਹੁਤ ਦੇਰ ਪਹਿਲਾਂ ਤੋਂ ਦਿੱਲੀ ਵਿਚ ਨਿਵਾਸ ਰੱਖਦੇ ਸਨ । ਮੇਰੇ ਨਾਲ ਉਹਨਾਂ ਦਾ ਬੜਾ ਹਿਤ ਸੀ । ਇਕ ਵਾਰ ਉਹਨਾਂ ਗੱਲ ਸੁਣਾਈ, "ਬੜੀ ਪੁਰਾਣੀ ਗੱਲ ਹੈ, ਦਾਤਾ ਜੀ ! ਪੰਜਾਬੀ ਦੇ ਪ੍ਰਸਿੱਧ ਸ਼ਾਇਰ ਫੀਰੋਜ਼ਦੀਨ ਸ਼ਰਫ ਇਕ ਵਾਰ ਮੈਨੂੰ

ਦਿੱਲੀ ਮਿਲਣ ਆਏ। ਉਹਨਾਂ ਨੇ ਆਪਣੀ ਕਵਿਤਾ ਦੀ ਪੁਸਤਕ ਛਪਵਾਣੀ ਸੀ। ਮੈਂਜੀ ਦੇ ਐਡੀਟਰ ਐਸ. ਐਸ ਚਰਨ ਸਿੰਘ ਅੰਮ੍ਰਿਤਸਰ ਮਿਲੇ। ਉਹਨਾਂ ਨੇ ਆਪਣੀ ਚਿੱਠੀ ਦਿੱਤੀ ਕਿ ਉਹ ਦਿੱਲੀ ਦੇ ਇਕ ਬੜੇ ਵੱਡੇ ਠੇਕੇਦਾਰ ਨੂੰ ਜ਼ਰੂਰ ਮਿਲਣ। ਉਹ ਪੁਸਤਕ ਛਪਵਾਉਣ ਵਿਚ ਮਾਇਕ ਸਹਾਇਤਾ ਜ਼ਰੂਰ ਕਰੇਗਾ। ਅਸੀਂ ਦੋਵੇਂ ਉਸ ਠੇਕੇਦਾਰ ਨੂੰ ਮਿਲੇ ਗੱਲਾਂ ਗੱਲਾਂ ਵਿਚ ਉਸ ਠੇਕੇਦਾਰ ਨੇ ਕਿਹਾ, "ਪੰਜਾਬੋਂ ਜੋ ਕਵੀ ਦਿੱਲੀ ਆਉਂਦਾ ਹੈ, ਉਹ ਝੋਲੀ ਅੱਡ ਕੇ ਉਗਰਾਹੀ ਲੈਣ ਮੇਰੇ ਪਾਸ ਆ ਜਾਂਦਾ ਹੈ" ਉਸ ਦੀ ਗੱਲ ਸੁਣ ਸ਼ਰੀਫ ਹੋਰਾਂ ਕਿਹਾ, "ਸਰਦਾਰ ਸਾਹਿਬ! ਮੈਂ ਭਿਖਿਆ ਮੰਗਣ ਨਹੀਂ ਆਇਆ। ਪੰਜਾਬੀ ਮਾਂ ਦਾ ਇਕ ਨਿਗੂਣਾ ਜਿਹਾ ਖਾਦਮ ਹਾਂ। ਕਵੀ ਦਰਬਾਰਾਂ ਵਿਚ ਮਾਂ ਬੋਲੀ ਲਈ ਕਵਿਤਾ ਕਹਿੰਦਾ ਹਾਂ। ਮੈਂ ਇਕ ਕਵੀ ਹਾਂ, ਮੰਗਤਾ ਨਹੀਂ। ਪੰਜਾਬੀ ਬੋਲੀ ਦੇ ਪ੍ਰਚਾਰ ਲਈ ਇਕ ਇਕ ਪੁਸਤਕ ਛਪਵਾਣੀ ਹੈ। ਇਹ ਪੰਜਾਬੀ ਮਾਂ ਦੀ ਸੇਵਾ ਹੈ। ਤੁਸੀਂ ਇਸ ਨੂੰ ਭਿਖਿਆ ਕਹਿੰਦੇ ਹੋ, ਇਹ ਤੁਹਾਨੂੰ ਮੁਬਾਰਕ।" ਇਹ ਕਹਿ ਕੇ ਸ਼ਰਫ ਉਹਨਾਂ ਦੀ ਕੋਠੀ ਤੋਂ ਬਾਹਰ ਨਿਕਲ ਆਇਆ ਤੇ ਮੈਨੂੰ ਕਹਿਣ ਲੱਗਾ, "ਗਿਆਨੀ ਜੀ ਇਸ ਠੇਕੇਦਾਰ ਵਰਗੇ ਬੰਦਿਆਂ ਨੇ ਪੰਜਾਬੀ ਮਾਂ ਦੀ ਕੀ ਸੇਵਾ ਕਰਨੀ ਹੈ? ਇਹਨਾਂ ਦੀ ਮਾਂ ਤਾਂ ਇੰਗਲੈਂਡ ਵਿਚ ਬੈਠੀ ਸਾਡੇ ਤੇ ਰਾਜ ਕਰ ਰਹੀ ਹੈ, ਤੇ ਉਸ ਵਿਦੇਸ਼ੀ ਮਾਂ ਨੂੰ ਗਲੋਂ ਲਾਹੁਣ ਲਈ ਅਸੀਂ ਆਪਣੀ ਮਾਂ ਪੰਜਾਬੀ ਦੀ ਸੇਵਾ ਕਰ ਰਹੇ ਹਾਂ।

ਉਸੇ ਰਾਤ ਗੁਰਦੁਆਰਾ ਸੀਸ ਗੰਜ ਵਿਚ ਕਵੀ ਦਰਬਾਰ ਸੀ ਮੈਂ ਸ਼ਰਫ ਜੀ ਨੂੰ ਉਥੇ ਲੈ ਗਿਆ। ਸੰਗਤਾਂ ਸ਼ਰਫ ਦੀਆਂ ਕਵਿਤਾਵਾਂ ਸੁਣ ਗਦ-ਗਦ ਹੋ ਗਈਆਂ। ਉਹਨਾਂ ਨੂੰ ਇਨਾਮ ਵਜੋਂ ਚੋਖੀ ਮਾਇਆ ਵੀ ਪ੍ਰਾਪਤ ਹੋ ਗਈ। ਇਤਫਾਕ ਨਾਲ ਉਸ ਦੀਵਾਨ ਵਿਚ ਉਹ ਠੇਕੇਦਾਰ ਵੀ ਮੌਜੂਦ ਸੀ। ਉਹ ਸ਼ਰਫ ਦੀਆਂ ਕਵਿਤਾਵਾਂ ਸੁਣ ਬੜਾ ਪ੍ਰਭਾਵਿਤ ਹੋਇਆ। ਗੁਰਦੁਆਰੇ ਤੋਂ ਬਾਹਰ ਆ ਕੇ ਉਸ ਨੇ ਸ਼ਰਫ ਜੀ ਨੂੰ ਇਕ ਸੌ ਰੁਪਇਆ ਇਨਾਮ ਵਜੋਂ ਦਿੱਤਾ। ਸ਼ਰਫ ਜੀ ਨੇ ਉਸ ਠੇਕੇਦਾਰ ਦਾ ਧੰਨਵਾਦ ਕਰਨ ਦੀ ਬਜਾਏ, ਉਹ ਸੌ ਰੁਪਇਆ ਵਾਪਸ ਕਰਦਿਆਂ ਹੋਇਆਂ ਕਿਹਾ, 'ਸ੍ਰੀ ਮਾਨ ਜੀ! ਦਿੱਲੀਓਂ ਅੰਮ੍ਰਿਤਸਰ ਜਾਣ ਦਾ ਕਿਰਾਇਆ ਤੇ ਪੰਜਾਬੀ ਕਵਿਤਾ ਦੀ ਪੁਸਤਕ ਛਪਣ ਜੋਗੀ ਮਾਇਆ ਸੰਗਤਾਂ ਨੇ ਬਖਸ਼ ਦਿੱਤੀ ਹੈ, ਇਸ ਲਈ ਮੈਨੂੰ ਹੁਣ ਹੋਰ ਮਾਇਆ ਦੀ ਲੋੜ ਨਹੀਂ।" ਇਹ ਕਹਿ ਕੇ ਸ਼ਰਫ ਹੋਰੀਂ ਮੈਨੂੰ ਨਾਲ ਲੈ ਕੇ ਸਟੇਸ਼ਨ ਵੱਲ ਤੁਰ ਪਏ।" ਪੁਰਾਣੀ ਪੀੜ੍ਹੀ ਦੇ ਪੰਜਾਬੀ ਕਵੀ ਇੰਨੇ ਖੁਦਦਾਰ ਹੁੰਦੇ ਸਨ, ਇਹ ਸੁਣ ਮੈਨੂੰ ਬੜੀ ਖੁਸ਼ੀ ਹੋਈ। ਗਿਆਨੀ ਹਰਦਿਤ ਸਿੰਘ ਗਿਆਨੀ ਹਰਨਾਮ ਸਿੰਘ ਬਲਬ ਤੇ ਸਿੱਖ ਮਿਸ਼ਨਰੀ ਗਿਆਨੀ ਬਾਦਲ ਸਿੰਘ ਦੀਆਂ ਕੁਝ ਹੋਰ ਯਾਦਾਂ ਕਦੀ ਫਿਰ ਭੇਂਟ ਕਰਾਂਗਾ।

# ਗਿਆਨੀ ਇੰਦਰ ਸਿੰਘ 'ਬਿਬੇਕੀ'

ਤੀਰਥ ਸਿੰਘ 4, ਗੁਰੂ ਗੋਬਿਦ ਸਿੰਘ ਮਾਰਕੀਟ
ਚਰਾਂਟ ਰੋਡ, ਸਹਾਰਨਪੁਰ

ਗਿਆਨੀ ਇੰਦਰ ਸਿੰਘ 'ਬਿਬੇਕੀ' ਗੁਰੂ ਘਰ ਦੇ ਸਰਵ ਪਖੀ ਨਿਪੁੰਨ ਕੀਰਤਨੀਏ ਹੋਏ ਹਨ। ਆਪ ਕੀਰਤਨੀਏ ਹੋਣ ਦੇ ਨਾਲ ਨਾਲ ਉਚ ਕੋਟੀ ਦੇ ਲੈਕਚਰਾਰ, ਕਥਾਵਾਚਕ, ਵਿਆਖਿਆਕਾਰ ਤੇ ਅੰਮ੍ਰਿਤ ਪ੍ਰਚਾਰਕ ਸਨ। ਆਪ ਰਹਿਣੀ-ਬਹਿਣੀ ਤੇ ਕਥਨੀ-ਕਰਨੀ ਦ ਪਰਪਕ, ਉਚ-ਲੰਮ ਰੋਅਬਦਾਰ ਤ ਦੀਦਾਰੀ ਸੁੰਦਰ ਸੁਡੋਲ ਸਰੀਰ ਵਾਲ ਗੁਰਸਿੱਖ ਸਨ। ਆਪ ਨੇ ਗੁਰੂ ਜੀ ਵਲੋਂ ਦਰਸਾਏ ਹੋਏ ਮਾਰਗ ਤੇ ਚਲਦੇ ਹੋਏ ਦੇਸ ਅੰਦਰ ਬਹੁਤ ਸਾਰ ਭਰਮਣ ਕੀਤਾ ਅਤ ਹਜਾਰਾਂ ਪ੍ਰੇਮੀਆਂ ਨੂੰ ਸਿੰਘ ਸਜਾਇਆ। ਆਪ ਨਿਤਨੇਮੀ ਸਨ ਤੇ ਹਰ ਸਮੇਂ ਸ਼ਸਤਰਧਾਰੀ ਰਹਿੰਦੇ ਸਨ ਅੰਮ੍ਰਿਤ ਵੇਲ ਉਠਣਾ, ਅਲਪ ਆਹਾਰ, ਥੋੜਾ ਬੋਲਣਾ ਤੇ ਸਦਾਚਾਰਕ ਜੀਵਨ ਜਾਚ ਬਾਰੇ ਹਰ ਸਮੇਂ ਵਿਚਾਰ ਕਰ ਉਸ ਤੇ ਅਮਲ ਦਾ ਧਾਰਨੀ ਰਹਿਣਾ ਆਪ ਦਾ ਮੁੱਖ ਉਦੇਸ਼ ਸੀ। ਇਹ ਗਿਆਨੀ ਇਦਰ ਸਿੰਘ ਜੀ ਬਿਬੇਕੀ ਪਟਿਆਲੇ ਵਾਲੇ ਦੇ ਨਾਮ ਨਾਲ ਪ੍ਰਸਿੱਧ ਹੋਏ।

ਗਿਆਨੀ ਜੀ ਆਪਣੇ ਕੀਰਤਨੀ ਜਥੇ ਵਿਚ ਚਾਰ ਸਾਥੀ ਰੱਖਦੇ ਸਨ। ਇਕ ਸਾਥੀ ਤਾਂ ਆਪ ਜੀ ਨਾਲ ਚਾਲੀ ਸਾਲ ਤਕ ਨਿਰੰਤਰ ਸੇਵਾ ਕਰਦਾ ਰਿਹਾ ਹੈ। ਆਪ ਆਪਣੇ ਜਥੇ ਵਿਚ ਸਿਤਾਰ, ਵਾਇਲਨ ਦਿਲਰੁਬਾ ਤੇ ਤੰਤੀ ਸਾਜਾਂ ਦਾ ਇਕ ਸਾਥੀ ਜਰੂਰ ਰੱਖਦੇ ਸਨ। ਹਿੰਦੁਸਤਾਨ ਦੇ ਪ੍ਰਸਿੱਧ ਤਬਲਾ-ਵਾਦਕ ਉਸਤਾਦ ਵੀ ਸਮੇਂ ਸਮੇਂ ਆਪ ਨਾਲ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ ਹਨ। ਆਪ ਆਪਣੇ ਜਥੇ ਦੇ ਸਾਥੀ ਕੀਰਤਨੀ ਸਿੰਘਾਂ ਨੂੰ ਕੀਰਤਨ ਲਈ ਯੋਗ ਸਮੇਂ ਤੇ ਉਤਸਾਹਿਤ ਤੇ ਪ੍ਰੇਰਿਤ ਕਰਦੇ ਰਹਿੰਦੇ ਸਨ।

ਆਪ ਦੇ ਕੀਰਤਨ ਦੀ ਸ਼ੈਲੀ ਬੜੀ ਵਿਸ਼ੇਸ਼ ਤੇ ਪੁਰਾਤਨ ਸੀ। ਆਪ ਕੀਰਤਨ ਕਰਦਿਆਂ ਨਾਲ ਵਿਆਖਿਆ ਵੀ ਕਰਦੇ ਸਨ ਅਤੇ ਇਤਿਹਾਸਕ ਕਥਾਵਾਂ ਤੇ ਗੁਰਬਾਣੀ ਵਿਚੋਂ ਅਨੇਕਾਂ ਪ੍ਰਮਾਣਾਂ ਨਾਲ ਕੀਰਤਨ ਨੂੰ ਗਿਆਨ ਭਰਪੂਰ ਬਣਾਉਂਦੇ ਸਨ। ਆਪ ਅਲਾਪ, ਬੈਂਤ, ਕੱਵਾਲੀ ਮੁਖੜੇ ਤੇ ਗੀਤ ਵੀ ਵਿਆਖਿਆ ਵਜੋਂ ਉਚਾਰਨ ਕਰ ਲੈਂਦੇ ਸਨ। ਸਮੇਂ ਨੂੰ ਲੋੜ ਅਨੁਸਾਰ ਬੰਨ੍ਹ ਲੈਣ ਵਿਚ ਆਪ ਨੂੰ ਅਤਿਅੰਤ ਭਾਵਪੂਰਵਕ ਜਾਚ ਤੇ ਮੁਹਾਰਤ ਸੀ। ਆਪ ਕੀਰਤਨ ਆਰੰਭ ਕਰਨ ਤੋਂ ਪਹਿਲਾਂ ਸ਼ਾਨ ਬੰਨ੍ਹਦੇ ਅਰਥਾਤ ਪਹਿਲਾਂ ਤਬਲਾ ਵਾਦਕ ਤੇ ਹੋਰ ਸਜਿੰਦੇ ਆਪਣਾ ਪਖ ਰੱਖਦੇ ਸਨ। ਉਪਰੰਤ ਮੰਗਲਾ ਚਰਨ ਤੇ

ਅਲਾਪ ਅਤੇ ਉਸ ਤੋਂ ਬਾਅਦ ਸਮੇਂ ਤੇ ਰੁੱਤ ਅਨੁਸਾਰ ਰਾਗਾਂ ਦੀਆਂ ਬਿਖੜੀਆਂ ਬੰਦਸ਼ਾਂ ਉਪਰੰਤ ਪ੍ਰਮਾਣਾਂ ਰਾਹੀਂ ਸ਼ਬਦ ਤੇ ਫਿਰ ਵਿਆਖਿਆ ਤੇ ਜਰੂਰਤ ਅਨੁਸਾਰ ਗੁਰ-ਇਤਿਹਾਸ ਵਿਚੋਂ ਕਥਾ-ਸਾਖੀ ਦਾ ਵਰਣਨ ਕੀਤਾ ਜਾਂਦਾ ਤੇ ਵਿਚ ਵਿਚ ਸਾਥੀਆਂ ਦੁਆਰਾ ਸੁੰਦਰ ਗਲੇ ਦੀ ਆਵਾਜ਼ ਰਾਹੀਂ ਛੋਟੇ ਛੋਟੇ ਬੋਲ, ਬੈਂਤ, ਗੀਤ, ਮੁਖੜੇ ਗਾ ਕੇ ਸੰਗਤਾਂ ਨੂੰ ਮੁਗਧ ਕਰ ਲੈਂਦੇ ਸਨ। ਆਪ ਨੂੰ ਬੇਅੰਤ ਰਾਗ ਤੇ ਬੰਦਸ਼ਾਂ ਗਾਉਣ ਵਿਚ ਪ੍ਰਬੀਨਤਾ ਹਾਸਲ ਸੀ। ਆਪ ਨੂੰ ਸਭ ਕੁਝ ਜੁਬਾਨੀ ਯਾਦ ਹੁੰਦਾ ਸੀ। ਯਾਦ ਸ਼ਕਤੀ ਇਤਨੀ ਤੇਜ ਕਿ ਇਕ ਦੋ ਵਾਰ ਸ਼ਬਦ ਪੜ੍ਹ ਕੇ ਸਦਾ ਲਈ ਯਾਦ ਕਰ ਲੈਂਦੇ ਸਨ।

ਆਪ ਜੀ ਦਾ ਜਨਮ 1910 ਵਿਚ ਪਿੰਡ ਮਿਢ ਰਾਂਝਾ ਜ਼ਿਲ੍ਹਾ ਸਰਗੋਧਾ (ਪੱਛਮੀ ਪਾਕਿਸਤਾਨ) ਵਿਚ ਹੋਇਆ। ਆਪ ਦਾ ਪਿਤਾ-ਪੁਰਖੀ ਕਿੱਤਾ ਖੇਤੀਬਾੜੀ ਸੀ ਤੇ ਇਹ ਹੀ ਕਿਤਾ ਕਰਦਿਆਂ ਆਪ ਨੇ ਮਿਡਲ ਤਕ ਦੀ ਪੜ੍ਹਾਈ ਕੀਤੀ। ਆਪ ਉਰਦੂ, ਫਾਰਸੀ ਗਰਮੁਖੀ ਤੇ ਹਿੰਦੀ-ਸੰਸਕ੍ਰਿਤ ਭਾਸ਼ਾਵਾਂ ਚੰਗੀ ਤਰ੍ਹਾਂ ਪੜ੍ਹ ਲਿਖ ਲੈਂਦੇ ਸਨ, ਆਰੰਭ ਵਿਚ ਆਪ ਆਪਣੇ ਵੱਡੇ ਭਰਾਤਾ ਤੇ ਪਿੰਡ ਦੇ ਹੋਰ ਸਿੰਘਾਂ ਨਾਲ ਜੋਟੀਆਂ ਬਣਾ ਕੇ ਸ਼ਬਦ ਪੜ੍ਹਦੇ ਸਨ ਤੇ ਇਸ ਤਰ੍ਹਾਂ ਸ਼ਬਦ-ਕੀਰਤਨ ਸੰਗੀਤ ਵਿਚ ਪ੍ਰਵੇਸ਼ ਕਰਨ ਨਾਲ ਇਸ ਦੀ ਲਗਨ ਲਗੀ ਤੇ ਸਹਿਜੇ ਹੀ ਇਸ ਖੇਤਰ ਵਿਚ ਵਿਚਰਦਿਆਂ ਕਈ ਕੀਰਤਨ ਕਾਰਾਂ ਤੇ ਉਸਤਾਦਾਂ ਨਾਲ ਮੇਲ ਹੋਇਆ ਜਿਹਨਾਂ ਪਾਸੋਂ ਆਪ ਨੇ ਕੀਰਤਨ ਸੁਣ ਸਮਝ ਕੇ ਇਹ ਵਿਦਿਆ ਪ੍ਰਾਪਤ ਕੀਤੀ। ਬਾਅਦ ਵਿਚ ਆਪ ਨੇ ਆਪਣਾ ਸੁਤੰਤਰ ਕੀਰਤਨੀ ਜਥਾ ਬਣਾ ਲਿਆ। ਗੁਰੂ ਵਿਚ ਤਾਂ ਆਪ ਸ਼ੌਂਕੀਆ ਹੀ ਇਹ ਸੇਵਾ ਕਰਦੇ ਰਹੇ ਤੇ ਪਾਕਿਸਤਾਨ ਵਿਚ ਦੁਰਾਡੇ ਥਾਵਾਂ ਤੇ ਇਸ ਸੇਵਾ ਲਈ ਜਾਂਦੇ ਰਹੇ ਪਰ ਬਾਅਦ ਵਿਚ ਇਹ ਹੀ ਸੇਵਾ ਉਪਜੀਵਕਾ ਦਾ ਆਧਾਰ ਬਣ ਗਈ। ਪਰੰਤੂ ਆਪ ਕੀਰਤਨ ਭੇਟਾ ਮੰਗਵੀ ਉਚਿਤ ਨਹੀਂ ਸਮਝਦੇ ਸਨ। ਜੋ ਕੀਰਤਨ ਭੇਟਾ ਕੋਈ ਦੇ ਦੇਵੇ ਉਹ ਹੀ ਪ੍ਰਵਾਨ ਕਰਦੇ ਸਨ। ਆਪ ਦੀ ਰਹਿਣੀ ਬਹਿਣੀ ਬੜੀ ਸੁਚਤਾ ਵਾਲੀ ਸੀ। ਆਪ ਆਪਣੇ ਹੱਥੀਂ ਕਿਰਤ ਕਰ ਸਰਬ ਲੋਹ ਦੇ ਬਰਤਨਾਂ ਵਿਚ ਆਪਣੇ ਹੱਥੀਂ ਪ੍ਰਸ਼ਾਦਾ ਤਿਆਰ ਕਰ ਕੇ ਛੱਕਦੇ ਸਨ। ਇਸ ਕੰਮ ਲਈ ਆਪ ਛੋਟੀ ਕਿਚਨ-ਸੈਟ (ਰਸੋਈ) ਹਮੇਸ਼ਾਂ ਆਪਣੇ ਨਾਲ ਰੱਖਦੇ ਸਨ।

ਜਨਵਰੀ 1947 ਆਪ ਲਾਲੇ ਮੂਸੇ (ਗੁਜ) ਨੂੰ ਛੱਡਕੇ ਕਿ ਅੰਮ੍ਰਿਤਸਰ ਆ ਗਏ ਅਤੇ ਸ੍ਰੀ ਅਕਾਲ ਤਖਤ ਸ੍ਰੀ ਅੰਮ੍ਰਿਤਸਰ ਅੰਮ੍ਰਿਤ ਪ੍ਰਚਾਰਕ ਜਥੇਦਾਰ ਵਜੋਂ ਸੇਵਾ ਕਰਨ ਲਗ ਪਏ ਪਰੰਤੂ ਇਕ ਸਾਲ ਬਾਅਦ ਹੀ ਅਚਾਨਕ ਛੱਤ ਤੋਂ ਡਿਗ ਪੈਣ ਕਾਰਨ ਇਹ ਸੇਵਾ ਛੱਡਣੀ ਪਈ। ਸੰਨ 1948 ਵਿਚ ਆਪ ਪਟਿਆਲੇ ਆ ਗਏ ਅਤੇ ਧਰਮਪੁਰਾ ਬਾਜ਼ਾਰ ਵਿਚ ਸਾਜ ਘਰ ਦੇ ਨਾਮ ਤੇ ਦੁਕਾਨ ਕਰ ਲਈ। ਇਥੇ ਆਪ ਦੁਕਾਨ ਦੇ ਕਾਰ-ਵਿਹਾਰ ਦੇ ਨਾਲ ਸੁਤੰਤਰ ਤੌਰ ਤੇ ਕੀਰਤਨ ਵੀ ਕਰਦੇ ਰਹੇ।

ਪਟਿਆਲੇ ਵਿਖੇ ਆਪ ਹਰ ਪ੍ਰਕਾਰ ਦੇ ਸਾਜ ਤਿਆਰ ਕਰਨ ਲਈ ਨਾਰਦਨ ਜੋਨ ਵਿਚ ਬਹੁਤ ਮਸ਼ਹੂਰ ਹੋਏ। ਇਸ ਦੇ ਨਾਲ ਹੀ ਆਪ ਨੇ ਸਮੇਂ ਦੀ ਲੋੜ ਅਨੁਸਾਰ ਸਿੱਖ

ਸਿਆਸਤ ਵਿਚ ਵੀ ਹਿੱਸਾ ਲੈਣ ਲੱਗ ਪਏ। ਆਪ ਨੇ ਧਰਮ ਯੁਧਾਂ ਤੇ ਮੋਰਚਿਆਂ ਵਿਚ ਭਾਸ਼ਣ ਦੇਣੇ ਜਿਸ ਕਰ ਕੇ ਆਪ ਨੂੰ ਨਿਤਾ-ਪ੍ਰਤੀ ਸਰਕਾਰੀ ਪੁਛ ਪੜਤਾਲ ਵੀ ਕੀਤੀ ਜਾਂਦੀ। ਪੰਜਾਬੀ ਸੂਬੇ ਦੇ ਮੋਰਚੇ ਤੋਂ ਬਾਅਦ ਆਪ ਪਰਿਵਾਰ ਸਮੇਤ ਲਖਨਊ ਚਲੇ ਗਏ ਤੇ ਉਥ ਨਵੇਂ ਸਿਰੇ ਤੋਂ ਕਾਰੋਬਾਰ ਸ਼ੁਰੂ ਕੀਤਾ ਪਰੰਤੂ 1964 ਵਿਚ ਲਖਨਊ ਵੀ ਛੱਡਣਾ ਪਿਆ ਤੇ ਸਹਾਰਨਪੁਰ ਪਰਿਵਾਰ ਸਮੇਤ ਪੱਕੇ ਤੌਰ ਤੇ ਨਿਵਾਸ ਕੀਤਾ। ਇਸ ਤਰ੍ਹਾਂ ਹਿੰਦੁਸਤਾਨ ਵਿਚ ਵੱਖ-ਵੱਖ ਥਾਵਾਂ ਤੇ ਵਿਚਰਦਿਆਂ ਉਹਨਾਂ ਨੇ ਅਨੇਕਾਂ ਧਾਰਮਿਕ ਅਸਥਾਨਾਂ ਤੇ ਕੀਰਤਨ ਦੀ ਸੇਵਾ ਕੀਤੀ। ਆਪ ਨੇ ਗੁਰਦੁਆਰਾ ਪੋਪਸੂ ਇਨਟੈਰਮ ਬੋਰਡ, ਫਾਉਂਡਰ ਗੁਰਦੁਆਰਾ ਨਵੀਨ ਸਿੰਘ ਸਭਾ, ਗੁਰਦੁਆਰਾ ਹੇਤੀ ਮਤਦਾਨ, ਸੰਤ ਬਾਬਾ ਪ੍ਰੇਮ ਸਿੰਘ, ਗੁਰਦੁਆਰਾ ਅੰਗਦ ਦੇਵ ਦਰਬਾਰ, ਆਹਲੂਵਾਲੀਆ ਗੁਰਦੁਆਰਾ ਵਿਖੇ ਤੇ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਵਿਖੇ ਕਈ ਕਈ ਸਾਲ ਕੀਰਤਨ ਦੀ ਸੇਵਾ ਕੀਤੀ।

ਆਪ ਦੇ ਬੱਚਿਆਂ ਨੇ ਆਪ ਦੀ ਪ੍ਰੇਰਨਾ ਸਦਕਾ ਗੁਰਬਾਣੀ ਸੰਗੀਤ ਦੀ ਸਭ ਸ਼ੁਭ ਸਿਖਿਆ ਤੇ ਤੰਤੀ ਸਾਜ਼ਾਂ ਵਿਚ ਮੁਹਾਰਤ ਹਾਸਲ ਕੀਤੀ ਹੈ। ਅੰਤ ਗੁਰਬਾਣੀ ਸੰਗੀਤ ਤੇ ਇਹ ਪ੍ਰਸਿੱਧ ਕੀਰਤਨਕਾਰ 62 ਸਾਲ ਦੀ ਆਯੂ ਭੋਗ 10 ਮਾਰਚ 1972 ਨੂੰ ਗੁਰਦੇ ਦੀ ਬੀਮਾਰੀ ਕਾਰਨ ਗੁਰਪੁਰੀ ਸਿਧਾਰ ਗਏ।

---


# ਅੰਮ੍ਰਿਤ ਕੀਰਤਨ—1993

ਅੰਮ੍ਰਿਤ ਕੀਰਤਨ ਸਾਲ 1993 ਦੇ ਸਾਰੇ ਅੰਕ ਇਕ ਸੁੰਦਰ ਜਿਲਦ ਵਿਚ ਵਧੀਆ ਪੁਸਤਕ ਬਣ ਗਏ ਹਨ। ਇਸ ਪੁਸਤਕ ਵਿਚ ਗੁਰਬਾਣੀ ਕੀਰਤਨ ਬਾਰੇ ਹੇਠ ਲਿਖੇ ਵਿਦਵਾਨਾਂ ਦੇ ਲੇਖ ਜੀਵਨੀਆਂ, ਸੁਰ ਲਿਪੀਆਂ ਆਦਿ ਦਿਤੀਆਂ ਹੋਈਆਂ ਹਨ:

ਡਾ. ਤਾਰਨ ਸਿੰਘ ਜੀ, ਭਾਈ ਮੋਹਨ ਸਿੰਘ ਵੈਦ ਪ੍ਰਿੰਸੀਪਲ ਸੁਜਾਨ ਸਿੰਘ ਜੀ, ਪ੍ਰੋ. ਪਿਆਰਾ ਸਿੰਘ ਪਦਮ, ਸ੍ਰ. ਜੋਧ ਸਿੰਘ ਜੀ, ਪ੍ਰਿੰਸੀਪਲ ਸਤਬੀਰ ਸਿੰਘ, ਪ੍ਰੋ. ਤਾਰਾ ਸਿੰਘ ਗਿ: ਗਿਆਨ ਸਿੰਘ ਐਬਟਾਬਾਦ, ਪ੍ਰੋ. ਕਾਲਾ ਸਿੰਘ ਬੇਦੀ, ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ, ਗਿਆਨੀ ਲਾਲ ਸਿੰਘ, ਪ੍ਰਿੰਸੀਪਲ ਸੁਰਜੀਤ ਸਿੰਘ ਭਾਟੀਆ, ਸ੍ਰੀ. ਟੀ.-ਸੀ. ਨਾਗਪਾਲ, ਸ੍ਰ. ਬਲਬੀਰ ਸਿੰਘ ਕੰਵਲ, ਡਾ. ਦਰਸ਼ਨ ਸਿੰਘ ਨਰੂਲਾ, ਬੀਬੀ ਬਲਜੀਤ ਕੌਰ ਤੁਲਸੀ, ਡਾ ਗੀਤਾ ਪੈਂਤਲ ਪ੍ਰਿੰਸੀਪਲ ਸ਼ਮਸ਼ੇਰ ਸਿੰਘ ਕਰੀਰ, ਡਾ ਗੁਰਨਾਮ ਸਿੰਘ, ਸ੍ਰ. ਹਰਚਰਨ ਸਿੰਘ ਕਲਕਤਾ, ਜੀ. ਐਸ. ਸਰਦਾਰ, ਡਾ. ਜਗੀਰ ਸਿੰਘ ਪ੍ਰੋ. ਬਲਬੀਰ-ਸਿੰਘ ਨੀਲਮ, ਪ੍ਰੋ. ਰਣਜੀਤ ਸਿੰਘ, ਸ੍ਰ. ਕੁਲਦੀਪ ਸਿੰਘ ਹਰੇਰਾ, ਪ੍ਰੋ. ਸ਼ਮਸ਼ਾਦ ਅਲੀ, ਡਾ. ਹਰਿਜਸ ਕੌਰ, ਡਾ. ਤਰਲੋਚਨ ਸਿੰਘ, ਸ੍ਰ ਕੁਲਵਿੰਦਰ ਸਿੰਘ, ਪ੍ਰੋ ਪ੍ਰੇਮ ਸ਼ਿੰਘ, ਸ੍ਰ. ਪੂਰਨ ਸਿੰਘ ਗਿੱਲ ਕਨੇਡਾ, ਸ੍ਰੀ. ਜੇ. ਪੀ ਨੰਦਾ, ਪ੍ਰੋ. ਕਰਨਵੀਰ ਕੌਰ, ਸ੍ਰ. ਸੁਖਦੇਵ-ਸਿੰਘ ਨਡਾਲੋਂ, ਸ੍ਰ ਹਰਜਿੰਦਰ ਸਿੰਘ ਮਝੈਲ ਆਦਿ।

ਭੇਟਾ ਕੇਵਲ 70 ਰੁ. ਪਤਾ:-ਅੰਮ੍ਰਿਤ ਕੀਰਤਨ ਟ੍ਰਸਟ
422 ਸੈਕਟਰ 15 ਏ ਚੰਡੀਗੜ੍ਹ


---

# ਇਕੋ ਨਾਮੁ ਅਧਾਰੁ
# (ਲੰਮੀ ਉਮਰ ਦਾ ਅਨੁਭਵ)

—ਤ੍ਰਿਲੋਚਨ ਸਿੰਘ ਤਰਸੀ
277 ਫੇਜ਼-4, ਮੁਹਾਲੀ

ਲੇਖਕ : ਸੰਤਾ ਸਿੰਘ ਆਜਿਜ਼ ; ਪੰਨੇ : 152 ; ਮੁੱਲ : 40 ਰੁਪਏ

ਪ੍ਰਕਾਸ਼ਕ : ਸੰਤਾ ਸਿੰਘ ਆਜਿਜ਼, 29 C, ਊਧਮ ਸਿੰਘ ਨਗਰ, ਲੁਧਿਆਣਾ—1

ਲੰਮੀ ਉਮਰ ਹੰਢਾ ਚੁਕੇ ਪੰਜਾਬੀ ਬਜ਼ੁਰਗਾਂ ਦੀ ਇਕ ਸਾਂਝੀ ਵਿਸ਼ਸ਼ਤਾ ਹੈ ਆਪਣੇ ਜੀਵਨ ਤਜਰਬੇ ਨੂੰ ਸਿੱਖਿਆ ਦਾਇਕ ਕਥਾ ਰੂਪ ਦੇ ਕੇ ਬਿਆਨ ਕਰਨਾ । ਇਹ ਬਿਆਨ ਘਰ ਦੇ ਬੱਚਿਆਂ ਸਾਹਮਣੇ ਵੀ ਹੋ ਸਕਦਾ ਹੈ, ਪਿੰਡ ਦੀ ਸੱਥ, ਸ਼ਹਿਰ ਦੇ ਕਿਸ ਪਾਰਕ ਦੇ ਕੋਨ ਜਾਂ ਵਧੇਰੇ ਵਿਸ਼ਾਲ ਹਾਜ਼ਰੀ ਵਿਚ ਵੀ ਤੇ ਕਈ ਵਾਰ ਪੁਸਤਕ ਰੂਪ ਵਿਚ ਵੀ । ਜੀਵਨ ਦੀ ਪੁਸਤਕ ਵਿਚੋਂ ਲਏ ਅਨੁਭਵਾਂ ਨੂੰ ਜਦੋਂ ਸਾਖੀ ਰੂਪ ਦੇ ਕੇ, ਕਿਸੇ ਧਰਮ ਵਿਸ਼ੇਸ਼ ਦੀਆਂ ਕੁਝ ਸਿੱਖਿਆਵਾਂ ਸਪਸ਼ਟ ਕਰਨ ਲਈ, ਹੋਰਨਾਂ ਨਾਲ ਸਾਂਝਾ ਕੀਤਾ ਜਾਵੇ ਤਾਂ ਇਸ ਦਾ ਆਪਣਾ ਸਮਾਜਿਕ ਮਹੱਤਵ ਵੀ ਹੁੰਦਾ ਹੈ ਅਤੇ ਇਹ ਬਿਆਨ ਧਾਰਮਿਕ ਪ੍ਰਚਾਰ ਦਾ ਵੀ ਮਾਧਿਅਮ ਬਣ ਖਲੋਂਦਾ ਹੈ । ਸੰਤਾ ਸਿੰਘ ਆਜਿਜ਼ ਰਚਿਤ ਪੁਸਤਕ 'ਇਕੋ ਨਾਮੁ ਅਧਾਰੁ' ਅਜਿਹਾ ਹੀ ਪ੍ਰਭਾਵ ਸਿਰਜਣ ਦਾ ਯਤਨ ਕਰਦੀ ਹੈ । ਵੀਹ ਵੱਖ ਵੱਖ ਵਿਸ਼ਿਆਂ ਨਾਲ ਸਬੰਧਤ ਲੇਖ ਇਸ ਪੁਸਤਕ ਦੀ ਪਾਠ ਸਮੱਗਰੀ ਬਣਦੇ ਹਨ ।

ਸੰਤਾ ਸਿੰਘ ਆਜਿਜ਼ ਮਾਝੇ ਦੇ ਇਕ ਪਿੰਡ ਵਿਚ ਜੰਮ-ਪਲ ਕੇ ਆਪਣੀ ਰੋਜ਼ੀ ਦੇ ਸਿਲਸਿਲ ਵਿਚ ਇਕ ਅਫਰੀਕੀ ਦੇਸ਼ ਟਣਜ਼ਾਨੀਆਂ ਵਿਚ ਜਾ ਵਸਿਆ ਟਣਜ਼ਾਨੀਆ ਵਿਚ ਰੇਲਵੇ ਵਰਕਸ਼ਾਪ ਦੀ ਨੌਕਰੀ ਸਮੇਂ ਉਸਨੇ ਵੱਖ ਵੱਖ ਮੁਲਕਾਂ ਅਤੇ ਧਰਮਾਂ ਦੇ ਲੋਕਾਂ ਨਾਲ ਸੰਪਰਕ ਕੀਤਾ । ਸਿਖੀ ਪਿਛੋਕੜ ਨਾਲ ਜੁੜਿਆ ਹੋਣ ਕਰ ਕੇ ਜੀਵਨ ਨੂੰ ਸਿੱਖ ਸਿਧਾਂਤਾਂ ਅਨੁਸਾਰ ਜਿਉਣ ਅਤੇ ਇਹਨਾਂ ਦਾ ਪ੍ਰਚਾਰ ਕਰਨ ਦਾ ਵੀ ਜਤਨ ਕਰਦਾ ਰਿਹਾ । ਕਦੀ ਕਦਾਈਂ ਆਪਣੇ ਬਜ਼ੁਰਗ ਪਿਤਾ ਅਤੇ ਉਹਨਾਂ ਦੀ ਦੂਜੀ ਪਤਨੀ, ਆਪਣੀ ਵਿਦਮਾਤਾ ਦੇ ਪਿਆਰ ਵੱਸ ਪੰਜਾਬ ਪਰਤਦਾ, ਇਥੇ ਵੱਸਦੇ ਆਪਣੇ ਸਨੇਹੀਆਂ ਨਾਲ ਮੇਲ ਮਿਲਾਪ ਕਰਦਾ । ਛੁੱਟੀ ਵਿਚ ਪ੍ਰਾਪਤ ਹੋਏ ਅਨੁਭਵਾਂ ਨੂੰ ਆਤਮ-ਸਾਤ ਕਰਦਾ ਅਤੇ ਆਪਣੇ ਵਿਅਕਤਿਤਵ ਦਾ ਅੰਗ ਬਣਾਉਂਦਾ । ਪਹਿਲੀ ਪਤਨੀ ਦੇ ਸਰੀਰ ਦੀ ਸੰਸਾਰ ਯਾਤਰਾ ਪੂਰੀ ਹੋ ਜਾਣ ਪਿਛੋਂ, ਲਗਭਗ 55 ਸਾਲ ਪਹਿਲਾਂ ਵੇਖੀ ਇਕ ਸੁੰਦਰ ਮੁਟਿਆਰ ਦੇ ਬਜ਼ੁਰਗ ਰੂਪ ਨਾਲ ਦੁਬਾਰਾ ਘਰ ਵਸਾ ਕੇ ਹੁਣ ਉਹ ਲੁਧਿਆਣਾ ਸ਼ਹਿਰ ਦਾ ਵਸਨੀਕ ਹੈ ।

ਇਸ ਅਰਸੇ ਦੌਰਾਨ ਪ੍ਰਾਪਤ ਅਨੁਭਵਾਂ ਦਾ ਕਾਰਜ ਖੇਤਰ ਪੰਜਾਬ ਦਿੱਲੀ ਅਤੇ ਭਾਰਤ ਦੇ ਕੁਝ ਸ਼ਹਿਰਾਂ ਤੋਂ ਇਲਾਵਾ ਅਫਰੀਕੀ ਦੇਸ ਟੁਣਜਾਨੀਆ ਦੇ ਵੱਖ ਵੱਖ ਸ਼ਹਿਰਾਂ ਤਕ ਪਸਰਿਆ ਹੋਇਆ ਹੈ। ਲੇਖਕ ਨੇ ਆਪਣੇ ਇਸ ਵਿਸ਼ਾਲ ਜੀਵਨ ਅਨੁਭਵ ਨੂੰ ਵੀ ਸਿਖਿਆ ਦਾਇਕ ਲੇਖਾਂ ਦਾ ਰੂਪ ਦੇ ਕੇ ਪਾਠਕਾਂ ਦੇ ਸਾਹਮਣੇ ਰਖਿਆ ਹੈ ਕਈ ਥਾਂਵਾਂ ਤੇ ਇਹ ਲੇਖ ਨਿਕੀ ਕਹਾਣੀ ਵਰਗੀ ਰੌਚਕਤਾ ਨਾਲ ਵੀ ਇਕ ਸੁਰ ਹੁੰਦੇ ਹਨ ਪਰ ਇਸ ਸਾਹਿਤਿਕ ਰੂਪ ਦੀਆਂ ਕਲਾਤਮਕ ਅਤੇ ਤਕਨੀਕੀ ਲੋੜਾਂ ਪੂਰੀਆਂ ਨਾ ਕਰ ਸਕਣ ਕਰ ਕੇ ਇਹਨਾਂ ਰਚਨਾਵਾਂ ਨੂੰ ਹੁਨਰੀ ਨਿੱਕੀ ਕਹਾਣੀ ਦੀ ਥਾਂ ਸਵੈ ਜੀਵਨੀ ਅਧਾਰਿਤ ਸਾਖੀਆਂ ਵਰਗੀਆਂ ਰਚਨਾਵਾਂ ਕਹਿਣਾ ਵਧੇਰੇ ਤਰਕ ਸੰਗਤ ਹੈ।

'ਇਕੋ ਨਾਮੁ ਅਧਾਰੁ' ਪੁਸਤਕ ਵਿਚ ਸ਼ਾਮਿਲ 'ਪਲੰਘ ਜਾਂ ਕੁਰਸੀ' ਨਾਂ ਦੀ ਰਚਨਾ ਟੁਲਜਾਣੀਆਂ ਦੇ ਪ੍ਰਧਾਨ ਜੂਲੀਅਸ ਨਿਰੇਰੇ ਅਤੇ ਉਸ ਦੇ ਮੰਤਰੀ ਮੰਡਲ ਦੇ ਇਕ ਮੰਤਰੀ ਨਾਲ ਸਬੰਧਤ ਇਕ ਘਟਨਾ ਦਾ ਵਰਣਨ ਹੈ ਜਿਸ ਰਾਹੀਂ ਨਿਰੇਰੇ ਦਾ ਇਹ ਵਿਚਾਰ ਰਾਜਨੀਤੀ ਨਾਲ ਸੰਬੰਧਤ ਸਮੂਹ ਨੇਤਾਵਾਂ ਲਈ ਸਿਖਿਆ ਵਜੋਂ ਪੇਸ਼ ਕੀਤਾ ਗਿਆ ਹੈ ਕਿ ਦੁਖੀ ਜਨਤਾ ਦੀ ਸੇਵਾ ਲਈ ਆਪਣਾ ਸੁੱਖ ਆਰਾਮ ਤਿਆਗਣਾ ਜ਼ਰੂਰੀ ਹੈ, ਕਿਉਂਕਿ 'ਅੱਗੋਂ ਆਰਾਮ ਫਰਮਾ ਕੇ ਦਖੀ ਜਨਤਾ ਦੀ ਸੇਵਾ ਨਹੀਂ ਕਰ ਸਕਦੇ।' ਪੁਸਤਕ ਦੇ ਹੋਰ ਲੇਖਾਂ ਵਿਚ ਅਨੇਕ ਮਨੁੱਖੀ ਗੁਣਾਂ ਨੂੰ ਉਜਾਗਰ ਕਰਦੀਆਂ ਘਟਨਾਵਾਂ, ਜਿਨ੍ਹਾਂ ਦਾ ਬੀਜ ਵਿਚਾਰ ਸਿੱਖ ਰਹਿਣੀ ਬਹਿਣੀ ਲਈ ਜ਼ਰੂਰੀ ਕੋਈ ਨਾ ਕੋਈ ਸਿਖਿਆ ਹੁੰਦੀ ਹੈ ਦਾ ਵਰ-ਨਣ ਕੀਤਾ ਗਿਆ ਹੈ। ਕੁਝ ਕੁ ਗੁਣ ਇਸ ਪ੍ਰਕਾਰ ਹਨ-ਸਭ ਨੂੰ ਬਰਾਬਰ ਸਮਝਦੇ ਹੋਏ ਦੁਖ ਸੁਖ ਵਿਚ ਸਾਥ ਨਿਭਾਉਣਾ, ਆਪਣੇ ਨਿਜੀ ਹਿਤ ਤਿਆਗ ਕੇ ਵੀ ਦੂਜੇ ਦੀ ਸਹਾਇਤਾ ਕਰਨੀ, ਸਾਧੂ ਵੇਸ ਧਾਰ ਕੇ ਪਾਖੰਡ ਨਾ ਕਰਨਾ, ਆਪਣੀ ਹਰ ਮੰਗ ਲਈ ਕੇਵਲ ਗੁਰੂ ਘਰ ਵਿਚ ਅਰਦਾਸ ਕਰਨੀ ਅਤੇ ਸਰਬੱਤ ਦਾ ਭਲਾ ਮੰਗਦੇ ਹੋਏ ਇਛਾਵਾਂ ਸ਼ੁਭ ਰਖਣੀਆਂ, ਸਾਰੇ ਸਿਖ ਭਾਈਚਾਰੇ ਨੂੰ ਇਕ ਵਿਸ਼ਾਲ ਭਾਈਚਾਰਾ ਹੀ ਮੰਨਣਾ, ਕਿਸ ਵੀ ਸੰਤ ਨੂੰ ਗੁਰੂ ਗਰੰਥ ਸਾਹਿਬ ਦੇ ਸਮਾਨ ਸਥਾਨ ਨਾ ਦੇਣਾ. ਨਸ਼ਿਆਂ ਦੀ ਕਿਸੇ ਵੀ ਰੂਪ ਵਿਚ ਵਰਤੋਂ ਨਾ ਕਰਨਾ ਦਾਜ ਵਰਗੀਆਂ ਸਮਾਜਿਕ ਕੁਰੀਤੀਆਂ ਤੋਂ ਛੁਟਕਾਰਾ ਪਾਉਣਾ, ਜ਼ਾਤ ਆਧਾਰਿਤ ਭੇਦ-ਭਾਵ ਦਾ ਖੰਡਨ ਕਰਨਾ ਹਰ ਵੱਡੇ ਤੋਂ ਵੱਡੇ ਦੁੱਖ ਸਮੇਂ ਵੀ ਗੁਰਬਾਣੀ ਤੇ ਗੁਰੂ ਸ਼ਬਦ ਦੀ ਓਟ ਲੈਣੀ, ਸਿੱਖੀ ਦੀ ਸ਼ਾਹ ਰਾਹ ਤੋਂ ਬੇਮੁੱਖ ਹੋਏ ਯੁਵਕਾਂ ਨੂੰ ਪ੍ਰੇਰਨਾ ਦੇ ਕੇ ਗੁਰ ਸਿੱਖੀ ਜੀਵਨ ਜਿਉਣ ਲਈ ਮਨਾਉਣਾ, ਕਿਸੇ ਵੀ ਤਰ੍ਹਾਂ ਦੀ ਵਰਗ ਆਧਾਰਤ ਸੋਚ ਨੂੰ ਤਿਆ-ਗਣਾ, ਪਰਿਵਾਰ ਵਿਚ ਪ੍ਰੇਮ ਵਧਾਉਣ, ਮਾਤ ਪਿਤਾ ਦਾ ਸਤਿਕਾਰ ਹਰ ਸਮੇਂ ਕਰਨਾ-ਆਦਿ।

ਸਮੁੱਚੇ ਰੂਪ ਵਿਚ ਇਸ ਪੁਸਤਕ ਦਾ ਮੰਤਵ ਇਸ ਆਦਰਸ਼ਕ ਜੀਵਨ ਜਿਉਣ ਲਈ ਪ੍ਰੇਰਨਾ ਸ੍ਰੋਤ ਬਣਨਾ ਹੈ। ਸੁਧਾਰਵਾਦੀ ਪ੍ਰਚਾਰ ਨਾਲ ਲਬਰੇਜ਼ ਰਚਨਾਵਾਂ ਦੇ ਇਸ ਸੰਗ੍ਰਹਿ ਵਿਚਲੀਆਂ ਕੁਝ ਸਾਖੀ-ਰਚਨਾਵਾਂ ਬੱਚਿਆਂ ਨੂੰ ਨੈਤਿਕ ਸਿੱਖਿਆ ਦੇਣ ਲਈ ਵੀ ਉਪਯੋਗੀ ਸਿੱਧ ਹੋਣਗੀਆਂ।

# ਸਾਡੇ ਕੀਰਤਨੀਏ

**—ਪ੍ਰੋ: ਬਲਬੀਰ ਸਿੰਘ 'ਨੀਲਮ'**

ਪ੍ਰੋ: ਬਲਬੀਰ ਸਿੰਘ 'ਨੀਲਮ' ਗੁਰਬਾਣੀ ਸੰਗੀਤ ਦੇ ਮਾਹਿਰ ਪਾਰਖੂ ਤੇ ਸੂਝਵਾਨ ਕਲਾਕਾਰ ਹਨ। ਉਹਨਾਂ ਨੇ ਗੁਰਬਾਣੀ ਸੰਗੀਤ ਨੂੰ ਬਕਾਇਦਾ ਅਪਣਾਇਆ ਹੈ ਤੇ ਇਸ ਖੇਤਰ ਵਿਚ ਆਪਣੀ ਵਿਸ਼ੇਸ਼ ਪਛਾਣ ਕਾਇਮ ਕੀਤੀ ਹੈ। ਪ੍ਰੋ: ਨੀਲਮ ਦਾ ਜਨਮ 1 ਮਾਰਚ 1946 ਵਿਚ ਭਾਈ ਊਧਮ ਸਿੰਘ ਜੀ ਦੇ ਗ੍ਰਹਿ ਵਿਖੇ ਹੋਇਆ। ਭਾਈ ਊਧਮ ਸਿੰਘ ਜੀ ਆਪ ਗੁਰਬਾਣੀ-ਸੰਗੀਤ-ਰਸੀਏ ਸਨ ਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨਵਾਂ ਸ਼ਹਿਰ ਵਿਖੇ ਹੈੱਡ ਗ੍ਰੰਥੀ ਤੇ ਰਾਗੀ ਦੀ ਸੇਵਾ ਨਿਭਾਉਂਦੇ ਰਹੇ ਹਨ। ਇਸ ਤਰ੍ਹਾਂ ਆਪ ਨੂੰ ਗੁਰਬਾਣੀ ਸੰਗੀਤ ਦੀ ਦਾਤ ਘਰ ਵਿਚੋਂ ਹੀ ਪ੍ਰਾਪਤ ਹੋਈ ਹੈ। ਇਸ ਲਈ ਉਹ ਉਹ ਕਹਿੰਦੇ ਹਨ ਕਿ ਮੇਰੀ ਸ਼ਖ਼ੀਅਤ ਬਣਾਉਣ ਵਿਚ ਜਿਹਨਾਂ ਗੁਰੂ ਜਨਾਂ ਦਾ ਯੋਗਦਾਨ ਹੈ, ਉਹਨਾਂ ਵਿਚੋਂ ਸਭ ਤੋਂ ਪਹਿਲ ਮੇਰੇ ਮਾਤਾ-ਪਿਤਾ ਹਨ।

ਪ੍ਰੋ: ਬਲਬੀਰ ਸਿੰਘ 'ਨੀਲਮ' ਦੇ ਸੰਗੀਤਕ-ਜੀਵਨ ਦੀ ਸ਼ੁਰੂਆਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨਵਾਂ ਸ਼ਹਿਰ ਵਿਖੇ ਕੀਰਤਨ ਦੀ ਸੇਵਾ ਕਰਦਿਆਂ ਹੋਈ। ਆਰੰਭ ਵਿਚ ਆਪ ਪਿਤਾ ਜੀ ਦੇ ਨਾਲ ਕੀਰਤਨ ਦੀ ਸੰਗਤ ਕਰਦੇ ਰਹੇ, ਪਰੰਤੂ ਪਿਤਾ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਇਥੇ ਹੀ ਕੀਰਤਨ ਦੀ ਸੇਵਾ ਕਰਨ ਲਗ ਪਏ ਅਤੇ ਤਕਰੀਬਨ ਦਸ ਸਾਲ ਇਥੇ ਹੀ ਸੇਵਾ ਕਰਦਿਆਂ ਪ੍ਰਾਈਵੇਟ ਤੌਰ ਤੇ ਸਕੂਲ ਤੇ ਕਾਲਜ ਪੱਧਰ ਦੀ ਸੰਗੀਤ ਵਿਦਿਆ ਪ੍ਰਾਪਤ ਕੀਤੀ। ਇਸ ਤੋਂ ਇਲਾਵਾ ਆਪ ਨੇ ਸੰਗੀਤ ਭਾਸਕਰ (ਗਾਇਨ, ਸਿਤਾਰ ਤਬਲਾ) ਅਤੇ ਸੰਗੀਤ ਪ੍ਰਭਾਕਰ (ਤਬਲਾ) ਦੀ ਬਾਕਾਇਦਾ ਸੰਗੀਤ ਯੋਗਤਾ ਪ੍ਰਾਪਤ ਕੀਤੀ ਹੈ। ਇਸ ਦੇ ਨਾਲ ਨਾਲ ਪ੍ਰੋ. 'ਨੀਲਮ' ਗੁਰਬਾਣੀ ਤੇ ਸੰਗੀਤ ਦੇ ਸਹੀ ਸੁਮੇਲ ਹਿੱਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਨਿਨ ਆਖੰਡ ਪਾਠੀ ਹਨ।

ਇਸ ਤਰ੍ਹਾਂ ਆਪ ਲਗਨ ਤੇ ਮਿਹਨਤ ਨਾਲ ਪ੍ਰਾਪਤ ਉੱਚ ਸੰਗੀਤ ਵਿਦਿਆ ਦੇ ਪ੍ਰਤਿਫਲ ਵਜੋਂ 1975 ਤੋਂ ਸਥਾਨਕ ਬੀ. ਐਲ. ਐਮ. ਗਰਲਜ਼ ਕਾਲਜ ਨਵਾਂ ਸ਼ਹਿਰ ਵਿਖੇ ਹੀ ਸੰਗੀਤ ਵਿਭਾਗ ਤੇ ਮੁਖੀ ਲੈਕਚਰਾਰ ਹਨ। ਇਸਦੇ ਨਾਲ ਹੀ ਕਾਲਜ ਵਿਖੇ ਹੀ ਆਪ ਪਿਛਲੇ ਲਗਭਗ ਦਸ ਸਾਲ ਤੋਂ ਸਭਿਆਚਾਰਕ ਸੋਸਾਇਟੀ ਦੇ ਮੈਂਬਰ ਵੀ ਹਨ।

ਸੰਗੀਤ ਵਿਦਿਆ ਤੇ ਖਾਸ ਤੌਰ ਤੇ ਗੁਰਬਾਣੀ ਸੰਗੀਤ ਦੇ ਪਾਸਾਰ ਵਿਚ ਆਪ ਦਾ ਕਾਫੀ ਯੋਗਦਾਨ ਹੈ। ਆਪ ਨੇ ਕਈ ਸੰਗੀਤ ਸਭਾਵਾਂ ਤੇ ਸੰਸਥਾਵਾਂ ਕਾਇਮ ਕੀਤੀਆਂ ਹਨ। ਨਵਾਂ ਸ਼ਹਿਰ ਵਿਖੇ 'ਨੀਲਮ' ਸੰਗੀਤ ਮੰਦਿਰ' ਆਪ ਦੀ ਪ੍ਰਮੁਖ ਸੰਗੀਤ ਸਿਖਲਾਈ ਸੰਸਥਾ ਹੈ। ਇਸ ਸੰਸਥਾ ਵਿਚ ਸਵੇਰੇ ਛੇ ਵਜੇ ਤੋਂ ਲੈ ਕੇ ਨੌਂ ਵਜੇ ਤਕ ਸਿਤਾਰ ਤਬਲਾ ਤੇ ਗੁਰਬਾਣੀ ਸੰਗੀਤ ਦੀਆਂ ਕਲਾਸਾਂ ਲਗਦੀਆਂ ਹਨ। ਇਥ ਹੀ ਉਹਨਾਂ ਦੇ ਨਾਮ ਤੇ ਬਣੀ ਨੀਲਮ ਕਲੋਨੀ ਵਿਚ ਇਸ ਨਾਮ ਦੀ ਇਕ ਹੋਰ ਸੰਸਥਾ ਹੈ।

ਇਸੇ ਤਰ੍ਹਾਂ ਗੁਰਦਆਰਾ ਗੋਬਿੰਦਗੜ੍ਹ ਤੇ ਵੀਰੋਵਾਲ ਵਿਖੇ ਵੀ ਆਪ ਵਲੋਂ ਗੁਰਬਾਣੀ ਸੰਗੀਤ ਦੀਆਂ ਕਲਾਸਾ ਆਯੋਜਿਤ ਕੀਤੀਆਂ ਜਾਂਦੀਆ ਹਨ ਅਤ 4 ਤੋਂ 6 ਵਜੇ ਤਕ ਕੀਰਤਨ, ਸਿਤਾਰ ਤੇ ਤਬਲੇ ਦੀ ਸਿੱਖਿਆ ਦਿੱਤੀ ਜਾਂਦੀ ਹੈ ਆਪ ਵਲੋਂ ਚਲਾਈਆਂ ਜਾ ਰਹੀਆਂ ਇਹਨਾਂ ਸੰਸਥਾਵਾਂ ਤੋਂ ਸਿੱਖਿਆ ਪ੍ਰਾਪਤ ਕਰਕੇ ਸੈਂਕੜੇ ਕਲਾਕਾਰ ਦੇਸ਼ ਵਿਦੇਸ਼ ਵਿਚ ਅਪਣੇ ਫ਼ਨ ਦਾ ਮੁਜ਼ਾਹਰਾ ਕਰ ਰਹੇ ਹਨ। ਇਹਨਾ ਸੰਸਥਾਵਾ ਨੂੰ ਚਲਾਉਣ ਵਿਚ ਆਪ ਦੇ ਬੱਚਿਆਂ ਦਾ ਬਹੁਤ ਸਹਿਯੋਗ ਹੈ। ਆਪ ਦੀ ਇੱਕ ਬੇਟੀ ਐਮ. ਏ ਸੰਗੀਤ (ਗਾਇਨ) ਸਥਾਨਕ ਸੀਨੀਅਰ ਸੈਕੰਡਰੀ ਸਕੂਲ ਵਿਚ ਸੰਗੀਤ (ਗਾਇਨ) ਸਥਾਨਕ ਸੀਨੀਅਰ ਸੈਕੰਡਰੀ ਸਕੂਲ ਵਿਚ ਸੰਗੀਤ ਦਾ ਅਧਿਆਪਕ ਹੈ। ਨਵਾਂ ਸ਼ਹਿਰ ਵਿਖੇ ਹੀ ਆਪ ਨੇ ਇੱਕ ਦੁਆਬਾ ਸਭਿਆਚਾਰਕ ਸੋਸਾਇਟੀ ਬਣਾਈ ਹੈ। ਜਿਸ ਦੇ ਤਕਰੀਬਨ 90 ਕਲਾਕਾਰ ਹਨ। ਸੋਸਾਇਟੀ ਇਹਨਾ ਕਲਾਕਾਰਾਂ ਦੀ ਵਿੱਤੀ ਤੇ ਹੋਰ ਹਰ ਤਰ੍ਹਾਂ ਦੀ ਮਦਦ ਕਰਦੀ ਹੈ। ਇਸ ਤੋਂ ਇਲਾਵਾ ਆਪ ਹਰ ਕਈ ਸਥਾਨਕ ਸੰਸਥਾਵਾਂ ਤੇ ਸਭਾਵਾਂ ਦੇ ਸਰਪ੍ਰਸਤ, ਪ੍ਰਧਾਨ ਤੇ ਸਲਾਹਕਾਰ ਮੈਂਬਰ ਹਨ, ਜਿਹੜੀਆਂ ਕਿਸੇ ਨਾ ਕਿਸੇ ਰੂਪ ਵਿਚ ਗੁਰਬਾਣੀ ਸੰਗੀਤ ਤ ਸਭਿਆਚਾਰ ਨੂੰ ਪ੍ਰਫੁਲਤ ਕਰ ਰਹੀਆਂ ਹਨ, ਇਹਨਾਂ ਵਿਚੋਂ ਅਖੰਡ ਕੀਰਤਨ ਦਰਬਾਰ ਸਭਾ, ਦੁਆਬਾ ਸਭਿਆਚਾਰ ਕਮੇਟੀ, ਦੁਆਬਾ ਸਾਹਿਤ ਸਭਾ, ਬਾਬਾ ਹਿੰਮਤ ਸਿੰਘ ਕਸ਼ਯਪ ਰਾਜਪੂਤ ਸਭਾ, ਜ਼ਿਲਾ ਭਲਾਈ ਕਮੇਟੀ, ਸ੍ਰੀ ਸੁਖਮਨੀ ਸਾਹਿਬ ਸੇਵਾ ਸੋਸਾਇਟੀ ਫਿਜ਼ੀਕਲੀ ਹੈਂਡੀਕੈਪਟ ਐਸੋਸੀਏਸ਼ਨ, ਨਵਾਂ ਸ਼ਹਿਰ ਪੀਸ ਕਮੇਟੀ ਅਤੇ ਪੰਜਾਬ ਸਟੇਟ ਬੈਕਵਰਡ ਕਲਾਸ ਫੈਡਰੇਸ਼ਨ ਆਦਿ ਪ੍ਰਮੁਖ ਹਨ।

ਆਪ ਨੇ ਗੁਰਦੁਆਰਾ ਚਰਨ ਕੰਵਲ ਬੰਗਾ ਵਿਖੇ ਚਾਰ ਕੁ ਸਾਲ ਲਗਾਤਾਰ ਕੀਰਤਨ ਦੀ ਸੇਵਾ ਕੀਤੀ ਹੈ। ਆਪ ਕੀਰਤਨ ਦਰਬਾਰਾਂ ਵਿਚ ਵੀ ਅਕਸਰ ਹਾਜ਼ਰੀ ਲਵਾਉਂਦੇ ਹਨ। ਮਲੇਰਕੋਟਲਾ ਵਿਖੇ ਹਏ ਇੱਕ ਭਾਰੀ ਕੀਰਤਨ ਦਰਬਾਰ ਵਿਚ ਆਪ ਨ ਦੋ ਹਫਤੇ ਕੀਰਤਨ ਦੀ ਸੇਵਾ ਨਿਭਾਈ ਨੇਪਾਲ ਦੇ ਗੁਰਦੁਆਰਾ ਸਿੰਘ ਸਭਾ, ਜਬਲਪੁਰ ਤੇ ਸ਼ਿਮਲਾ ਦੇ ਗੁਰਦੁਆਰਿਆਂ ਵਿਚ ਵੀ ਆਪ ਨੇ ਕੀਰਤਨ ਕੀਤਾ ਹੈ। ਆਪ ਨੇ ਹਿੰਦੁਸਤਾਨ ਤੋਂ ਬਾਹਰ ਇੰਗਲੈਂਡ ਵਿਖੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਹੈਵੋਲੇਕ ਲੈਸਟਰ, ਡਰਬੀ, ਹੰਸਲੋ, ਸਲੋਹ, ਕੋਵੈਂਟਰੀ ਆਦਿ ਵਿਚ ਵੀ ਕੀਰਤਨ ਦੀ ਸੇਵਾ ਕੀਤੀ ਹੈ। ਇਥੇ ਹੀ ਆਪ ਨੂੰ ਮਾਰਚ 1985 ਵਿਚ ਸਥਾਨਕ ਧਾਰਮਕ ਸੰਸਥਾਵਾਂ ਵਲੋਂ ਸਰੋਪੇ ਅਤੇ ਪੌਂਡਾਂ ਨਾਲ ਸਨਮਾਨਿਤ ਕੀਤਾ ਗਿਆ। ਇੰਗਲੈਂਡ ਵਿਖੇ ਆਪ ਨੇ ਛੇ ਮਹੀਨੇ ਕੀਰਤਨ ਦੀ ਸੇਵਾ ਕੀਤੀ ਹੈ। ਇਸ ਤੋਂ ਇਲਾਵਾ ਆਪ ਨੂੰ ਹੋਰ ਕਈ ਸਥਾਨਕ ਸੰਸਥਾਵਾਂ ਨੇ ਵੀ ਸਮੇਂ ਸਮੇਂ ਸਨਮਾਨਿਤ ਕੀਤਾ ਹੈ। 15 ਅਗਸਤ 1993 ਨੂੰ ਰਾਜ ਵਿਦਿਆ ਮੰਤਰੀ ਪ੍ਰੋਫੈਸਰ ਸੁਸ਼ੀਲਾ ਮਹਾਜਨ ਵਲੋਂ ਸਨਮਾਨਿਤ ਕੀਤਾ ਗਿਆ, 5 ਫਰਵਰੀ 1992 ਨੂੰ ਕਿਰਪਾਲ ਸਾਗਰ ਵਿਖੇ ਮਾਨਵ ਏਕਤਾ ਸੁਸਾਇਟੀ ਵਲੋਂ 14 ਮਾਰਚ 1992 ਨੂੰ 33 ਵੇਂ ਵਰਡ ਅੰਗਹੀਣ ਦਿਵਸ ਤੇ ਚੰਡੀਗੜ੍ਹ ਵਿਖੇ ਉਚੇਚੇ ਤੌਰ ਤੇ ਫ਼ਿਜ਼ੀਕਲੀ ਹੈਂਡੀਕੈਪਟ ਐਸੋਸੀਏਸ਼ਨ ਵਲੋਂ ਸਨਮਾਨਿਤ ਕੀਤਾ ਗਿਆ। ਇਸੇ ਤਰ੍ਹਾਂ 15 ਅਗਸਤ

1992 ਨੂੰ ਸਭਿਆਚਾਰਕ ਸਰਗਰਮੀਆਂ ਤੇ ਸੰਗੀਤ ਖੇਤਰ ਵਿਚ ਯੋਗਦਾਨ ਹਿੱਤ ਰੈਵੀਨਿਊ ਮਨਿਸਟਰ ਨੇ ਸਨਮਾਨਿਤ ਕੀਤਾ। ਅਮਨਦੀਪ ਸਾਹਿਤ ਸਭਾ ਰਾਹੋਂ ਵਲੋਂ ਵੀ ਆਪ ਨੂੰ ਸਨਮਾਨਿਤ ਕੀਤਾ ਗਿਆ ਹੈ ਅਤੇ ਪਿਛਲੇ ਤਕਰੀਬਨ 8-10 ਸਾਲਾਂ ਤੋਂ ਸਥਾਨਕ ਐਸ. ਡੀ. ਐਮ. ਕਿਸੇ ਨਾ ਕਿਸੇ ਰੂਪ ਵਿਚ ਸਨਮਾਨਤ ਕਰਦੇ ਰਹੇ ਹਨ।

ਆਪ ਨੂੰ ਵੱਖ-ਵੱਖ ਸੰਸਥਾਵਾਂ ਵਲੋਂ ਕੀਰਤਨ ਤੇ ਸੰਗੀਤ ਪ੍ਰਤਿਯੋਗਤਾ ਵਿਚ ਜੱਜ ਵਜੋਂ ਵੀ ਆਮੰਤ੍ਰਿਤ ਕੀਤਾ ਜਾਂਦਾ ਹੈ। ਪੰਜਾਬੀ ਯੂਨੀਵਰਸਿਟੀ ਵਲੋਂ ਖਾਲਸਾ ਕਾਲਜ ਗੜ੍ਹਦੀਵਾਲਾ ਵਿਖੇ ਕਰਵਾਏ ਗਏ ਯੁਵਕ ਮੇਲੇ ਵਿਚ ਆਪ ਨੇ ਸ਼ਬਦ ਭਜਨ ਤੇ ਗੀਤ ਤੇ ਗੀਤ ਗਜ਼ਲ ਦੇ ਜੱਜ ਵਜੋਂ ਸੇਵਾ ਨਿਭਾਈ ਹੈ ਇਸੇ ਤਰ੍ਹਾਂ ਬੱਬਰ ਅਕਾਲੀ ਖਾਲਸਾ ਕਾਲਜ ਗੜ੍ਹਸ਼ੰਕਰ, ਡੀ ਏ. ਐਨ. ਕਾਲਜ ਆਫ ਐਜੂਕੇਸ਼ਨ, ਦੋਆਬਾ ਸਿੱਖ ਨੈਸ਼ਨਲ ਕਾਲਜ ਗੜ੍ਹ ਸ਼ੰਕਰ ਡੀ ਏ ਐਨ ਕਾਲਜ ਆਫ ਐਜੂਕੇਸ਼ਨ, ਦੋਆਬਾ ਸਿੱਖ ਨੈਸ਼ਨਲ ਖਾਲਸਾ ਕਾਲਜ ਵਿਚ ਸ਼ਬਦ ਮੁਕਾਬਲੇ ਅਤੇ ਪੰਜਾਬ ਸਕੂਲ ਸਿੱਖਿਆ; ਬੋਰਡ ਵਲੋਂ ਕਰਵਾਏ ਸਭਿਆਚਾਰਕ ਮੁਕਾਬਲਿਆਂ ਵਿਚ ਆਪ ਨੇ ਜੱਜ ਦੀ ਸੇਵਾ ਨਿਭਾਈ ਹੈ।

ਆਪ ਨੂੰ ਮਾਣ ਹੈ ਆਪਣੇ ਮਹਾਨ ਤੇ ਵਿਦਵਾਨ ਗੁਰੂ-ਜਨ ਪ੍ਰੋਫੈਸਰ ਅਯੁਧਿਆ ਪ੍ਰਕਾਸ ਪਾਠਕ, ਪ੍ਰੋਫੈਸਰ ਲਛਮਣ ਸਿੰਘ ਸੀਨ ਤੇ ਸਵਰਗੀ ਪੰਡਤ ਆਤਮਾ ਪ੍ਰਕਾਸ਼ ਜੀ' ਜਿਹਨਾਂ ਦੇ ਯੋਗਦਾਨ ਨਾਲ ਸ਼ਖਸੀਅਤ ਬਣੀ ਹੈ।

ਆਪ ਨੇ ਗੁਰਬਾਣੀ ਸੰਗੀਤ ਦੀਆਂ ਦੋ ਆਡੀਓ ਕੈਸਟਾਂ ਵੀ ਸੰਗੀਤ ਪ੍ਰੇਮੀਆਂ ਨੂੰ ਦਿੱਤੀਆਂ ਹਨ : ਤੂੰ ਮੇਰੇ ਪ੍ਰਾਨ ਅਧਾਰੈ' ਅਤੇ 'ਖਾਲਸਾ ਮੇਰੋ ਰੂਪ ਹੈ ਖਾਸ' ਗੁਰਬਾਣੀ ਸੰਗੀਤ ਬਾਰੇ ਆਪ ਦੇ ਖੋਜ ਭਰਪੂਰ ਨਿਬੰਧ ਸਮੇਂ ਸਮੇਂ ਤੇ ਪ੍ਰਕਾਸ਼ਿਤ ਹੁੰਦੇ ਰਹਿੰਦੇ ਹਨ। ਪ੍ਰੋ: ਬਲਬੀਰ ਸਿੰਘ 'ਨੀਲਮ' ਦਾ ਜੀਵਨ ਸੰਗੀਤ ਤੇ ਖਾਸ ਕਰ ਗੁਰਬਾਣੀ ਸੰਗੀਤ ਨੂੰ ਸਮਰਪਤ ਹੁੰਦਾ ਹੈ।

# Baldeep Singh did it

## Keeps the family tradtition

TODAY, to remain within or to return to one's tradition has become radical and noteworthy. The advent of modernity has shaken the premise of tradition and continuity,

The enclosures of safe ritual-spaces within which tradition can revise and recirculate itself are being disrupted Tradition is being threatened with both conntinuity and apporprlation by national as well as cultural agencies.

However, there are still some people who strive to actively partake of and earnestly pursue the continuity of tradition. one such encouraging and interesting example is Baldeep Singh, a young handsome articulate and ambitious man of 24.

Baldeep grew up in a typical Air-Force family and was all set to become a fighter-pilot till he discovered that he belonged to family in which the tradition of Gurbani sangeet had peen carried on since the time of the 10th Sikh Guru. "Bhai Sahib Singh was the first kirtaniya in our family. we count our musical tradition from him onwards," he says," and I am the 13th generation from him."

It was almost by default in 1980, that Baldeep became aware about this aspect of his family when his mother pointed out that the voices singing Gurbani on the rrdio were those of his grand-uncles Bhai Gurcharan Singh and Bhai Avtar Singh.

"I fell In love with their voices," he recalls. "I can't tell what attracted me to these voices, but that they drew me out of myself, there was some *andruni khich*, (inner-pull)".

In 1987, Baldeep, a young man by now. ventured to Delhi on a business trip but with a definite agenda of meeting and knowing more about his grand-uncles and their families.

He fondly recalls the warm well come that he got there. What he saw and learnt there gave rise to a serious re-

definition of self. Till then Baldeep had invested all his energies into flying

"Flying was my passion. I was totally into it ! I wanted to becoms a test pilot, an astronaut." But now, yet another childhood love, that of devotional singing, which had been inculcated in him through his mother, began to surface. The knowledge of personal history was now validating an aspect of him that his immediate environment could not.

Interest, there was not much intrest from the grand-uncle's side other than that Baldeep was their eider brother's grand-son. But as they wtached his commitment and aptitude unfold ehey became more encouraging till one day he was presented with a *dilruba*--a family heirloom was passed on to him.

Tne inheritance of a physical manifestation of his past further concretised his place in the transmission af tradition. "A sense of worthiness of began to creep into me, *mera adhar banaya* an instinctive sense of foundation began to get formed, my perspective began to change. Inwalrdy I melted."

In 1989, Baldeep was selected for the 147th flying pilots course. But then not only had his affinity with music grown but there was also this feeling of unrest at the present state of Gurbani sangeet.

"Music, aloug with Gurbani sangeet, has become a profession," he laments, when he considere the devotional form of sangeet to be a very intimate, dialogue between oneself and one' s object of spiritual love.

Deeply disturbed at the eroding faith in the power of music as a medium that is so profoundly and systematically designed to evoke the sacred, Baldeep took it upon himself to to infinence the course of affairs in his own way.

Thus, in June 1990, when he was required to sign the final documents before joining the pilot training course and mature his dream of becoming a fighter pilot, Baldeep decided against it.

(ਬਾਕੀ ਵੇਖੋ ਟਾਈਟਲ 'ਤੇ)